# ਗੂੰਜ

ਕਾਵਿ-ਸੰਗ੍ਰਹਿ

***ਇਸ ਤੋਂ ਪਹਿਲਾਂ***

- ਹਰਫ਼ਾਂ ਜਿਹੇ ਪੱਤੇ (ਕਵਿਤਾ—1999)
- ਰੇਤ ਦਾ ਖ਼ੁਦਾ (ਕਵਿਤਾ—2003)
- ਤੁਪਕਾ ਤੁਪਕਾ (ਕਵਿਤਾ—2007)

# ਗੂੰਜ

ਭੁਪਿੰਦਰਪ੍ਰੀਤ

*Poetry/Punjabi Poetry*

# Goonj

*(A Collection of Poems)*

**by**
**Bhupinderpreet**
C-2, Gali No. 1, Gurlal Bazar
New Partap Nagar, Amritsar.
Ph : 0183-2701582
Mobile : 99152 20430
E-mail : bhupinder.preet@yahoo.com

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
ਟਾਈਟਲ : ਸਵਰਨਜੀਤ ਸਵੀ
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਅਮਿਤ ਬਾਵਾ**

ਲਈ

# ਤਤਕਰਾ


ਆਵਾਜ਼ ਹੈ ਕੋਈ 9
ਆਵਾਜ਼ ਅੰਦਰ ਆਵਾਜ਼ 13
ਆਵਾਜ਼ਾਂ 14
ਬਾਲਕੋਨੀ 16
ਕੁਦਾਲ 17
ਘਾਹ ਤੋਂ ਤਾਰੇ ਤਕ 18
ਡਰਿਫਟ ਵੁੱਡ 19
ਇਸ ਬਿੰਦੂ ’ਤੇ 20
ਭਾਰ 21
ਬਦਨਾਮ ਬਸਤੀ 22
ਬੁਲਡੋਜ਼ਰ 24
ਕੌਣ 25
ਰਾਈਟਿੰਗ 26
ਹੈਂਗ ਟਿਲ 28
ਇੰਜਣ ਡਰਾਈਵਰ 29
ਰੋਟੀ ਤੇ ਸੈਂਸੈਕਸ 30
ਸ਼ਕਲ 31
ਇਹ ਸ਼ਹਿਰ ਇਕ ਪਾਗਲ... 33
ਐਡਵਰਟਾਈਜਿੰਗ ਬੋਰਡ 35
ਬੰਦ ਦਾ ਸੱਦਾ 37
ਬਸਤੀ ਮਕਬੂਲਪੁਰਾ 38
ਵੀਨਸ 43
ਨਿੰਮੋ ਤੇ ਪ੍ਰਭੂ 44
ਤੂੰ ਬੋਲਦਾ ਕਿਉਂ ਨਹੀਂ 45
ਅਣਸੁਣਿਆ 47
ਆਵਾਜ਼ ਤਾਂ ਮਾਰ 48
ਸਟੀਮਰ 49
ਪੇਂਟਿੰਗ 50
ਸ਼ਿਕਾਰ 51
ਪਹਿਚਾਣ 52
ਖੁੱਤੀ 53
ਰਾਤ 54
ਜਾਣ ਕੇ ਕੀ ਲੈਣਾ 56
ਕਵੀ 57
ਚਿਖਾ 58
ਐਨਕ ਤੇ ਲਾਠੀ 59
ਸਮੁੰਦਰ ਤੇ ਨਦੀ 60
ਕਿੰਨਾ ਕੁਝ ਹੈ 62
ਸ਼ਿਵ ਮਰ ਰਿਹਾ 64
ਅਜੀਬ 65
ਯਸ਼ੋਧਰਾ ਕਿਉਂ ਨਹੀਂ... 67
ਸਾਊਥੈਂਪਟਨ ਰਹਿੰਦੇ ਸ਼ਾਇਰ... 68

ਸਮੁੰਦਰ ਮੌਲਾ 69
ਸਮਾਧੀ 71
ਮਣੀ 72
ਗੁਰੂ 73
ਰੂਪ 74
ਤਾੜੀਆਂ 75
ਵਰਜਣਾ 76
ਖੰਭ 77
ਤੇਰੀ ਯਾਦ 79
ਰਚਨਾ 80
ਪਿੱਠ ਪਿੱਛੇ ਖੜ੍ਹੀ ਔਰਤ 81
ਕਿਥੇ ਹੈ ਕਵਿਤਾ 83
ਨਿਰਵਾਣ 85
ਮੂਰਤ 86
ਜਲਪਰੀ ਤੇ ਸਮੁੰਦਰ 87
ਬੱਦਲ ਤੇ ਕੁੜੀ 88
ਬਰਫ਼ ਹੋਈ ਕੁੜੀ 89
ਸੰਵੇਦਨਹੀਣ 90
ਕੁੜੀ ਤੇ ਬਾਬਾ 91
ਕੈਮਰਾ 92
ਸ਼ਕੁੰਤਲਾ ਲੌਂਗ ਡਰਾਈਵ... 93
ਬੌਂਬੇ ਵਾਲੀ ਕਜ਼ਨ 94
ਮੁਰਲੀ ਉਸ ਦਾ ਨਹੀਂ... 96
ਮਲਾਹ 97
ਤੀਲੀ 98
ਗੋਪੀ 99
ਸਵੈਟਰ 100
ਮਾਂ ਆਕਾਸ਼ ਤੇ ਮੈਂ 101
ਰੰਦਾ 102
ਐਕਸਪਾਈਰੀ ਡੇਟ 103
ਕੰਨਖਜੂਰਾ 104
ਪਤੰਗ ਤੇ ਪ੍ਰਾਣ 105
ਕਮਰਾ 106
ਸ਼ੀਸ਼ੇ 'ਚ 107
ਗੂੰਜ 108
ਪਰ੍ਹਾਂ ਕਰੋ ਅਰਸਤੂ... 109
ਕੋਲਾ 110

—

## • ਆਵਾਜ਼ ਹੈ ਕੋਈ

-1-
ਉਹਦੇ ਹੱਥ 'ਚ ਹੱਥ ਪਾ
ਪਾਰ ਦੀਆਂ ਗੱਲਾਂ ਛੋਂਹਦਾ

ਕਹਿੰਦਾ—
ਅੰਬਰ ਪਿੱਛੇ
ਆਵਾਜ਼ ਹੈ ਕੋਈ
ਬੁਲਾਉਂਦੀ

ਕਹਿੰਦੀ—
ਇਥੇ ਨੀਲਾ ਪਾਰਦਰਸ਼ੀ ਦੁਪੱਟਾ ਲਹਿਰਾ ਰਿਹਾ
ਤੇ ਤੂੰ ਪਾਰ 'ਚ ਗੁੰਮ ਹੈਂ

ਪਰਤ ਆ

ਘਾਹ ਦੀ ਤਿੜ੍ਹ
ਉਹਦੀ ਹਥੇਲੀ 'ਤੇ ਧਰਦਾ ਮੈਂ ਪਰਤਦਾ

ਕਹਿੰਦੀ—
ਅੱਖਾਂ ਬੰਦ ਕਰ
ਤੈਨੂੰ ਸਮੇਂ 'ਚੋਂ ਨਿਕਲਣ ਦਾ ਰਾਹ ਦੱਸਾਂ

ਤਿੜ ਨਾਲ ਮੱਥੇ 'ਤੇ ਕੁਝ ਉਲੀਕਦੀ
ਹੱਸਦੀ ਪੁੱਛਦੀ—

ਆਈ ਆਵਾਜ਼...?
•

-2-
ਤੇਜ਼ ਹਵਾ ਤੇ ਬਾਰਿਸ਼
ਪੱਤੇ ਵੱਜਦੇ ਜਿਵੇਂ ਸਾਜ਼
ਕਹਿੰਦੀ—
ਹਵਾ ਕੋਈ ਨਾਮ ਲਿਖ ਰਹੀ ਪੱਤਿਆਂ 'ਤੇ

ਦੁਪੱਟੇ 'ਚ ਹਿੱਲ ਰਿਹਾ ਪਾਣੀ—

ਕਿਹਾ—
ਤੂੰ ਮੇਰੇ ਲਈ ਸ਼ੀਥ ਏਂ
ਰੱਬ ਦੇ ਘਰ ਝਾਕਣ ਲਈ
ਇਸ ਤਰ੍ਹਾਂ ਆਵਾਜ਼ ਮਾਰ
ਜਿਉਂ ਤੈਥੋਂ ਕਈ ਜਨਮ ਦੂਰ ਹੋਵਾਂ

ਗਿੱਲਾ ਦੁਪੱਟਾ ਲਾਉਂਦੀ ਕਹਿੰਦੀ—
ਛੱਡ ਸਭ ਜਨਮ
ਤਰਕ
ਆਵਾਜ਼ਾਂ

ਹਵਾ 'ਚ ਲਹਿਰਾ
ਦੁਪੱਟਾ ਸੁੱਕਾ
ਨੱਚ ਮੇਰੇ ਨਾਲ

ਮਸਤ ਨੱਚਣ ਲੱਗਦੀ

ਮੈਂ ਨੱਚਦਾ
ਤਾਂ ਪੱਥਰ ਚੁਭਦੇ
•

-3-

ਪੈਰਾਂ ਨਾਲ ਪੈਰ ਛੂਹਾਂਦੀ
ਅੰਗੂਠੇ ਨਾਲ ਗਿੱਲੀ ਮਿੱਟੀ 'ਤੇ ਮੋਰ ਬਣਾਉਂਦੀ
ਪਾਣੀ ਦੀਆਂ ਛਿਟਾਂ
ਮੂੰਹ 'ਤੇ ਪਾਉਂਦੀ

ਰੁੱਖ 'ਤੇ ਟੰਗੇ
ਵਸਤਰਾਂ ਦਾ ਪਰਛਾਵਾਂ
ਪਾਣੀ 'ਚ ਪੈਂਦਾ

ਪਾਰ ਦਰਿਆ ਦੇ ਬੰਸਰੀ ਵੱਜਦੀ

ਮੋਰ ਨੱਚਦਾ
ਪੱਥਰ ਹੱਟਦੇ

ਆਖਦੀ—
ਨਟਖਟ
ਆਵਾਜ਼ਾਂ ਕਦੇ ਖ਼ਤਮ ਨਹੀਂ ਹੁੰਦੀਆਂ

ਯੁੱਗਾਂ ਦਾ ਕੀ

ਯੁੱਗਾਂ ਦੀ ਗੂੰਜ ਸੁਣ

•

-4-

ਸ਼ਾਮ ਢਲਦੀ
ਦਿਸਹੱਦੇ 'ਤੇ ਸਤਰੰਗੀ ਦੁਪੱਟਾ ਲਹਿਰਾਉਂਦਾ
ਕਹਿੰਦੀ—
ਆਵਾਜ਼ਾਂ ਖਿਤਿਜ਼ 'ਤੇ ਮਿਲਦੀਆਂ
ਫਿਰ ਧਰਤੀ 'ਤੇ ਉਤਰਦੀਆਂ

ਕੁਝ ਨਹੀਂ ਮਰਦਾ
ਬਚਦਾ

ਵੇਖ ਅੱਖਾਂ 'ਚ ਆਵਾਜ਼ ਹੈ ਕੋਈ
ਜਨਮਾਂ ਤੋਂ
ਖਾਰੇ ਪਾਣੀਆਂ 'ਚ ਹਿੱਲ ਰਹੀ

ਅੱਖਾਂ 'ਚ ਝਾਕਦਾ
ਨੀਲਾ ਪਾਰਦਰਸ਼ੀ ਦੁਪੱਟਾ ਉੱਡ ਰਿਹਾ—

•

## • ਆਵਾਜ਼ ਅੰਦਰ ਆਵਾਜ਼

ਅਚਨਚੇਤ ਆਈ ਤਾਂ ਕਿਹਾ ਮੈਂ—
ਲੰਘ ਆ
ਰੁਕ ਕਿਉਂ ਗਈ

ਕਹਿਣ ਲੱਗੀ—
ਦੁਨੀਆ ਦੀਆਂ ਅਨੇਕ
ਆਵਾਜ਼ਾਂ ਨਾਲ
ਕਿੰਝ ਮਿਲਾਂਗੀ ਤੈਨੂੰ

ਪਹਿਲਾਂ ਸਾਰੀਆਂ ਆਵਾਜ਼ਾਂ ਬਾਹਰ ਸੁੱਟ ਆਵਾਂ
ਫੇਰ ਪਰਤਾਂ

ਨਿਸ਼ਬਦ ਚੁੱਪ ਖ਼ਾਲੀ

ਉਹ ਆਵਾਜ਼ਾਂ ਤੋਂ ਸਹਿਮ ਰਹੀ

ਮੈਂ ਉਡੀਕਦਾ ਉਸ ਨੂੰ
ਸੁਣ ਰਿਹਾ ਆਪਣੀਆਂ ਆਵਾਜ਼ਾਂ

ਦੂਰ ਕਿਤੇ ਓਮ ਦੀ ਧੁਨੀ ਉੱਠ ਰਹੀ
•

## • ਆਵਾਜ਼ਾਂ

ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ
ਤੇ ਅੰਦਰ ਮੇਰਾ ਜੁੜੇ ਟੁੱਟੇ

ਦੂਰ ਇਕ ਜੋਗੀ ਟਿੱਲੇ ਤੋਂ ਫਿਸਲਦਾ
ਚੀਖ਼ ਉਹਦੀ
ਮੇਰੀ ਤਲਾਸ਼ 'ਚ ਘੁਲ ਜਾਂਦੀ

ਕੋਈ ਪੱਥਰ
ਪਾਣੀ 'ਚ ਸੁੱਟਦਾ
ਮੱਛੀ ਧੋਖਾ ਖਾ ਡੂੰਘੇ ਮੁੜਦੀ

ਮਾਂ ਕੁਝ ਨਾ ਕਹਿੰਦੀ
ਸਿਸਕਦੀ

ਪਿਤਾ ਕਹਿੰਦਾ—
ਮੇਰੇ ਜਿਸਮ 'ਚ ਅਜੇ ਤਕ ਰੰਦਾ ਚਲਦਾ
ਬੂਰਾ ਤੂੰ ਹੀ ਝਾੜਨਾ...

ਟੀਚਰ ਕਹਿੰਦਾ—
ਐਹ ਲੈ ਰਿਮੋਟ
ਮਿਊਟ ਕਰ ਦੇ ਦੁਨੀਆ

ਗੁਰੂ ਕਹਿੰਦਾ—
ਧਿਆਨ ਧਰ
ਸਾਹ ਦੀ ਆਵਾਜ਼ ਸੁਣ

ਜੰਗਲ ਵੱਲ ਤੁਰਦਾ
ਤਾਂ ਮੰਦਰ ਦਾ ਟੱਲ ਖੜਕਦਾ

ਗੁੰਬਦ 'ਤੇ ਪੱਤਾ ਡਿੱਗਦਾ
ਪੰਛੀ ਉੱਡਦਾ

ਬੰਸਰੀ ਵੱਜਦੀ
ਮੇਰੇ ਅੰਦਰ ਰਾਧਾ ਉਦਾਸ ਹੁੰਦੀ

ਸਭ ਆਵਾਜ਼ਾਂ ਰਲਗੱਡ ਹੋ
ਘੇਰਾ ਪਾਉਂਦੀਆਂ

ਚੁੱਪ ਹੋਰ ਸੰਘਣੀ ਹੁੰਦੀ
•

## • ਬਾਲਕੋਨੀ

ਬਾਲਕੋਨੀ 'ਚ ਪੱਤੇ ਦੇ ਡਿੱਗਣ ਦੀ ਆਵਾਜ਼...

ਜਿਥੇ ਚੋਰਾਂ ਵਾਂਗ ਜ਼ਮੀਨ 'ਤੇ ਛਲਾਂਗ ਲਗਾ ਸਕਦਾ
ਸੂਰਜ ਨੂੰ ਪੰਛੀ ਦੇ ਪਰਾਂ ਨਾਲ ਕੱਟਦੇ ਤੱਕ ਸਕਦਾ

ਤੱਤੀ ਚਾਹ 'ਚ
ਭੁਰਦੇ ਬਿਸਕੁਟ ਨੂੰ ਸੁਣ ਸਕਦਾ

ਖ਼ੁਦ ਨਾਲ ਸ਼ਤਰੰਜ ਖੇਡ ਸਕਦਾ
ਸ਼ਹਿ ਲਾ ਕੇ ਬੈਠੀ ਬਿੱਲੀ ਦੀਆਂ
ਨੀਲੀਆਂ ਅੱਖਾਂ ਅੰਦਰ ਝਾਕ ਸਕਦਾਂ

ਆਰਾਮ ਕੁਰਸੀ 'ਤੇ
ਸ਼ਾਂਤ ਅਸ਼ਾਂਤ ਬੈਠਾ
ਆਪਣੀ ਹੋਂਦ ਦਾ ਉੱਨ ਵਾਂਗ ਬਣਦਾ ਗੋਲਾ
ਵੇਖ ਸਕਦਾਂ

ਵੇਖ ਸਕਦਾਂ ਆਪਣੇ ਅੰਦਰ ਬਣਦੇ ਨਿਤ
ਨਵੇਂ ਡਿਜ਼ਾਈਨ
ਤੇ ਅਚਾਨਕ ਬੇਧਿਆਨੀ 'ਚ
ਹੱਥੋਂ ਡਿੱਗੇ ਗੋਲੇ ਨੂੰ

ਬਾਲਕੋਨੀ 'ਚ ਬੈਠਾ
ਖ਼ੁਦ ਨੂੰ ਉਧੜਿਆ ਵੇਖਦਾ
ਸੁਣ ਸਕਦਾ...

•

## • ਕੁਦਾਲ

ਧਰਤੀ 'ਚੋਂ ਆਵਾਜ਼ ਆ ਰਹੀ
ਪੁੱਟੋ
ਹੇਠਾਂ ਨਗਰ ਹੈ

ਕਹਾਣੀ ਹੈ—
ਕਾਈ ਕਾਇਆ
ਖੋਪੜੀਆਂ ਸਿੱਕੇ ਤਾਬੂਤ
ਤਗਮੇ
ਤਾਜ

ਪ੍ਰਤਿਗਿਆਵਾਂ
ਯੱਗ
ਸਵੰਬਰਾਂ 'ਚ ਟੁੱਟੇ ਧਨੁੱਖ
ਕਵਚ
ਕਲਗੀਆਂ
ਅਪਮਾਨ ਸਨਮਾਨ

ਅਲਫ਼ ਕੰਧ ਚਿੱਤਰ
ਛੈਣੀ
ਉਪਨਿਸ਼ਦ ਰਚਣ ਵਾਲੇ
ਹੱਥਾਂ ਦੇ ਕੰਕਾਲ

ਧਰਤੀ 'ਚੋਂ ਆਵਾਜ਼ ਆ ਰਹੀ
ਪੁੱਟੋ

ਮੈਂ ਗਵਾ ਬੈਠਾਂ
ਕੁਦਾਲ
•

## • ਘਾਹ ਤੋਂ ਤਾਰੇ ਤਕ

ਬਰਫ਼ੀਲੀ ਹਵਾ ਨਹੀਂ ਸੀ ਚੱਲ ਰਹੀ
ਥੋੜ੍ਹੇ-ਥੋੜ੍ਹੇ ਵਕਫ਼ੇ 'ਤੇ ਉਹਦੀ ਆਵਾਜ਼ ਆਉਂਦੀ
ਅਨੰਤ ਆਵਾਜ਼ਾਂ 'ਚੋਂ

ਕੁਆਰੀ ਚੋਟੀ ਤੋਂ ਫਿਸਲਦੀ ਧੁੱਪ
ਘਾਹ ਦੀ ਤਿੜ ਛੂੰਹਦੀ

ਤ੍ਰੇਲ ਤੁਪਕਾ ਰੰਗ ਬਦਲਦਾ

ਉਸਨੇ ਫਰਕਦੇ ਬੁੱਲ੍ਹਾਂ ਨਾਲ ਮੈਨੂੰ ਚੁੰਮਿਆ
ਤੇ ਕਿਹਾ—
ਆਵਾਜ਼ ਦੀ ਆਪਣੀ ਰੌਸ਼ਨੀ ਹੈ
ਸਪੇਸ
ਕਹਿਕਸ਼ਾ
ਜੋ ਘਾਹ ਦੀ ਤਿੜ ਨੂੰ ਤਾਰੇ ਨਾਲ ਜੋੜਦੀ
ਮੈਂ ਇਸ ਕਹਿਕਸ਼ਾਂ 'ਚ
ਅੱਗ ਦੇ ਇਕ ਭਟਕਦੇ ਗੋਲੇ 'ਚੋਂ
ਆਪਣੀ ਤੀਲ੍ਹੀ ਬਾਲਦੀ ਹਾਂ

ਅੱਜ ਬਰਫ਼ੀਲੀ ਹਵਾ ਨਹੀਂ
ਉਹਦੀ ਆਵਾਜ਼ ਚੱਲ ਰਹੀ ਸੀ
•

## • ਡਰਿਫਟ ਵੁੱਡ

ਰੁੱਖ ਨਾਲੋਂ ਟੁੱਟੀ ਟਾਹਣੀ ਹਾਂ
ਪਾਣੀਆਂ 'ਚ ਡਿੱਗੀ

ਸਖ਼ਤ ਪੱਥਰਾਂ 'ਚ ਅੜੀ ਰਹਿਣ ਦੇ

ਤੇਜ਼ ਵਹਾਅ 'ਚ
ਛਿੱਲੀ ਜਾਣ ਦੇ

ਪਤਾ ਨਹੀਂ
ਰਗੜ ਨਾਲ ਕੀ ਬਣਨਾ ਚਾਹੁੰਦੀ

ਬਸ ਅਨੰਤ ਕਾਲ ਤਕ
ਫਸੀ ਰਹਿਣਾ ਚਾਹੁੰਦੀ
ਕਿ ਯੁੱਗਾਂ ਬਾਅਦ ਜਿਸ ਕਿਸੇ ਹੱਥ ਲੱਗਾਂ
ਉਸਨੂੰ ਮੇਰੀ
ਅਜੀਬ ਸ਼ਕਲ 'ਚੋਂ
ਪਾਣੀਆਂ ਦਾ ਵਹਾਅ ਸੁਣੇ

ਤੇ ਮੈਂ ਛਿੱਲੀ...ਘੜੀ...ਵੱਖਰੀ...
ਆਵਾਜ਼ 'ਚ ਡੁੱਬ ਜਾਵਾਂ
•

## • ਇਸ ਬਿੰਦੂ ’ਤੇ

ਸਾਫ਼ ਆ ਰਹੀ ਚੱਟਾਨਾਂ ਤਿੜਕਣ ਦੀ ਆਵਾਜ਼

ਕਿੰਨੇ ਸਮਿਆਂ ਤੋਂ ਖੜ੍ਹਾ ਹਾਂ

ਰੁਕੇ ਹੋਣਗੇ ਕੁਝ ਪਲ ਇਥੇ
ਬੁੱਧ ਨਾਨਕ

ਰਾਹਗੀਰ ਕੋਈ ਸਿੱਪੀਆਂ ਭਾਲਦਾ

ਗੋਪੀ ਕੋਈ
ਕ੍ਰਿਸ਼ਨ ਦੇ ਪਿਆਰ ’ਚ ਧੋਖਾ ਖਾ ਮੁੜੀ

ਉਦੋਂ ਦਾ ਹਾਂ
ਕਦੋਂ ਤਕ ਰਹਾਂਗਾ ਖੜ੍ਹਾ
ਇਸ ਬਿੰਦੂ ’ਤੇ

ਆਏਗੀ ਇਕ ਦਿਨ
ਮੈਨੂੰ ਵੀ
ਸਮੁੰਦਰ ਦੇ ਪਲਟਣ ਦੀ ਆਵਾਜ਼...!
•

## • ਭਾਰ

ਕਿੰਨਾ ਭਾਰ ਛਾਤੀ 'ਤੇ
ਸਾਹ ਬੰਦ

ਹਨੇਰੇ ਅੰਦਰ ਹੱਥ ਪੈਰ ਮਾਰਦਾਂ
ਜਾਲ 'ਚ ਫਸਿਆ

ਤੂੰ ਮੇਰੇ
ਗ੍ਰੰਥ
ਸਿਮਰਤੀਆਂ
ਆਵਾਜ਼ਾਂ
ਅਨੁਭਵ
ਪਾਸੇ ਕਰ
ਪੂਰੇ ਵਜੂਦ 'ਤੇ
ਇਕ ਖੰਭ ਧਰਦੀ

ਚੁੱਪ ਸਮਾਧੀ ਆਨੰਦ

ਅਚਾਨਕ 'ਨ੍ਹੇਰੀ ਆਉਂਦੀ
ਖੰਭ ਉੱਡ ਜਾਂਦਾ

ਫੇਰ ਉਹੀ
ਡਰ ਸਿਮਰਤੀਆਂ ਗ੍ਰੰਥ
ਤੇ
ਛਾਤੀ 'ਤੇ ਇਕ ਹੋਰ ਖੰਭ ਦਾ ਭਾਰ
•

## • ਬਦਨਾਮ ਬਸਤੀ

ਇਕ ਬਦਨਾਮ ਬਸਤੀ ਮੇਰੇ ਅੰਦਰ ਵੱਸਦੀ
ਤੇ ਮੈਂ ਇਸ ਬਸਤੀ ਪਿੱਛੇ ਕੂੜੇ ਦੇ ਢੇਰ ਨੂੰ ਲੱਗੀ
ਅੱਗ 'ਚੋਂ
ਨਿਕਲਦਾ ਧੂੰਆਂ ਵੇਖਦਾ

ਫਟੇ ਪੁਰਾਣੇ ਅੰਡਰ ਗਾਰਮੈਂਟ
ਵਰਤੇ ਕੰਡੋਮ
ਫਟੇ ਵਰਕੇ ਗ੍ਰੰਥਾਂ ਦੇ
ਖ਼ਾਲੀ ਸਫ਼ੇਦ ਪੰਨੇ
ਕੁਤਰ ਕੇ ਸੁੱਟੇ ਖੰਭ
ਆਦਤ 'ਚ ਲਪੇਟ ਕੇ ਸੁੱਟੀ ਜ਼ਿਦ
ਸਭ ਢੇਰ 'ਚ

ਇਸ ਬਸਤੀ ਅੰਦਰ ਅਲਫ਼ ਇਕ ਜ਼ਿੰਦਗੀ ਧੜਕੇ
ਹਨੇਰੇ ਅੰਦਰ
ਅਛੂਹ ਬਿੰਦੂ ਢੂੰਹਦੀ

ਬਿਨਾਂ ਕਿਸੇ ਖੜਾਕ
ਕਰੇ ਅੰਤਾਂ ਦਾ ਖੜਾਕ
ਗਲੀਜ਼ ਪਵਿੱਤਰ ਹਰ ਸ਼ਬਦ ਤੋਂ ਪਰ੍ਹੇ
ਜੀਂਦੀ
ਧੜਕਦੀ
ਮਿੱਟੀ 'ਚ ਦੱਬੀਆਂ ਲੀਰਾਂ ਨੂੰ ਅੱਗ ਲਾਉਂਦੀ

ਦੂਰ ਇਹਦੀ ਰੌਸ਼ਨੀ 'ਚ
ਦਿਸੇ ਇਕ ਗੁੰਬਦ

ਤੇ ਮੈਂ ਇਸ ਗੁੰਬਦ
ਅੰਦਰ
ਸੁੱਤ ਉਨੀਂਦਾ
ਜਾਗਦਾ...
•

## • ਬੁਲਡੋਜ਼ਰ

ਕਿੰਨੇ ਬੁਲਡੋਜ਼ਰ ਮੇਰੇ ਆਲੇ ਦੁਆਲੇ
ਸੜਕ ਬਣਾਂਦਾ ਕਿਥੋਂ ਤਕ ਆ ਪਹੁੰਚਾ ਹਾਂ

ਕਿੰਨੀਆਂ ਚੀਜ਼ਾਂ ਨੂੰ ਕਰਦਾ ਸਾਂ ਪਿਆਰ ਉਦੋਂ
ਪਤੰਗ
ਟਾਫ਼ੀ
ਟਾਫ਼ੀ ਵਰਗੀ ਆਂਟੀ
ਸਕੂਲ ਦੇ ਬਾਹਰ ਖੜ੍ਹੇ ਬੁਲਡੋਜ਼ਰ
ਤੇ ਸੜਕ ਦੀਆਂ ਵਿੱਥਾਂ 'ਚ ਜਗ੍ਹਾ ਬਣਾਂਦੀ
ਕੀੜੀ ਨੂੰ

ਦੈਂਤ ਪਹੀਏ ਆਵਾਜ਼ਾਂ ਕਰਦੇ
ਰਾਹ ਪੁੱਟਦੇ

ਮੇਰਾ ਸਿਰ ਪਹੀਏ ਤੋਂ ਵੱਡਾ ਹੋਣ ਲੱਗਾ

ਬਿੱਟ ਬਿੱਟ ਤੱਕਦਾ
ਇਧਰ-ਉਧਰ ਭੱਜਦਾ
ਸਿਰ 'ਚ ਹੀ
ਸੜਕ ਬਣਾਉਂਦਾ
ਕੀੜੀ ਬਚਾਉਂਦਾ
ਮੈਂ ਪੁੱਜ ਗਿਆਂ
ਜਿਥੇ ਖੜ੍ਹੇ ਹੋਰ
ਕਿੰਨੇ ਹੀ ਬੁਲਡੋਜ਼ਰ...
•

## • ਕੌਣ !

ਉਸਲਵੱਟੇ ਭੰਨਦਾ

ਤੋੜਦਾ ਜੋੜਦਾ
ਕੱਟਦਾ ਵੱਢਦਾ
ਤਰਾਸ਼ਦਾ

ਤਰਤੀਬ ਤੋੜਦਾ
ਪੁੱਠੇ ਪਾਸਿਓਂ ਵੇਖਦਾ

ਰੰਗੀਨ ਸ਼ੀਸ਼ੇ 'ਚ ਗੁਆਚਾ ਮੇਰਾ ਸਿਰ ਤਲਾਸ਼ਦਾ

ਭਟਕਾਉਂਦਾ

ਤਲਾਸ਼ ਨੂੰ ਅੱਖਰ ਦੇਂਦਾ
ਅੱਖਰ ਨੂੰ ਚੁੱਪ

ਸੁਲਘਦਾ ਪਿਘਲਦਾ
ਟੇਢਾ ਮੇਢਾ
ਚੋਰ ਅੱਖੀਂ ਤੱਕਦਾ

ਵਕਤੋਂ ਪਾਰ
ਇਕ ਬਿੰਦੂ 'ਤੇ ਖੜ੍ਹਾ
ਹਨੇਰਾ ਟਟੋਲਦਾ
ਮੇਰੇ ਅੰਦਰ...
•

## • ਰਾਈਟਿੰਗ

ਕਾਹਲੀ ਕਾਹਲੀ ਕੀ ਲਿਖੀ ਜਾ ਰਿਹਾਂ
ਖ਼ਾਲੀ ਇਸ ਕਾਗ਼ਜ਼ 'ਤੇ

ਮਾਰਨੀ ਸੀ ਜਿਥੇ ਲੀਕ ਟੇਢੀ
ਉਥੇ ਬਰਾਬਰ ਕਰ ਦਿੱਤਾ

ਜਿਥੇ ਹਾਸ਼ੀਆ
ਉਥੇ ਹੈਡਿੰਗ ਲਿਖ ਦਿੱਤਾ

ਗੂੰਜ ਰੱਖਣੀ ਸੀ ਜਿਸ ਸ਼ਬਦ ਅੰਦਰ
ਰੱਖ ਦਿੱਤੀ
ਚੁੱਪ

ਜਿਥੇ ਸਪੇਸ
ਉਥੇ ਵਾਕ ਲਿਖ ਦਿੱਤਾ

ਲਫ਼ਜ਼ਾਂ ਨਾਲੋਂ ਵੱਧ ਦਿਸ ਰਹੇ ਕੌਮੇ ਡੰਡੀਆਂ ਬਿੰਦੀਆਂ

ਲਿਖਣਾ ਸਿਖਦਾ ਸਿਖਦਾ
ਰੱਖ ਆਇਆ ਕਿਥੇ
ਫੱਟੀ ਗਾਚੀ ਦੀ ਮਾਸੂਮੀਅਤ

ਜਗ੍ਹਾ ਜਗ੍ਹਾ ਕਟਿੰਗ

ਸਿਹਾਰੀ ਬਿਹਾਰੀ ਦਾ ਫ਼ਰਕ
ਅਰਥ ਆਵਾਜ਼ਾਂ ਧੁਨੀਆਂ

ਪੇਪਰਵੇਟ ਹੇਠਾਂ
ਕਾਗਜ਼ ਫੜਫੜਾਉਂਦਾ
ਉੜਦਾ
ਸਾਹਾਂ 'ਚੋਂ ਮੁੱਕਦੀ ਜਾ ਰਹੀ ਸਿਆਹੀ

ਤੇ ਰਾਈਟਿੰਗ ਉਸੇ ਤਰ੍ਹਾਂ ਤੇਜ਼ ਟੇਢੀ।

•

## • ਹੈਂਗ ਟਿਲ

ਉਸਦਾ ਨਾਮ ਭਗਤ ਸਿੰਘ ਹੈ
ਉਸਨੂੰ ਮੋਟੇ ਸ਼ੀਸ਼ਿਆਂ ਵਾਲੀ ਐਨਕ ਲੱਗੀ ਹੋਈ ਹੈ

ਉਸਦੇ ਹੱਥ 'ਚ ਪਿਸਟਲ ਨਹੀਂ...ਪੈੱਨ ਹੈ

ਉਸਨੇ ਕੱਸ ਕੇ ਪੱਗ ਬੰਨ੍ਹੀ ਹੋਈ
ਤੇ ਦਫ਼ਤਰੀ ਫਾਈਲਾਂ 'ਚ ਗੁੰਮ 'ਆਨੈਸਟੀ' ਸੰਭਾਲ ਰਿਹਾ

ਉਹਦੇ ਕੋਲ ਏਨਾ ਵੀ ਬਾਰੂਦ ਨਹੀਂ
ਕਿ ਅਫ਼ਸਰ ਦੇ ਕਮਰੇ 'ਚ ਹਲਕਾ ਧੂੰਆਂ ਕਰ
ਆਪਣੀ ਗੱਲ ਕਹਿ ਸਕੇ

ਉਹ ਦਫ਼ਤਰ 'ਚੋਂ ਆਪਣੇ ਸਾਥੀ ਰਾਜਗੁਰੂ ਤੇ ਸੁਖਦੇਵ ਨੂੰ ਲੱਭਦਾ ਹੈ

ਅੱਜ ਅਫ਼ਸਰ ਨੇ ਫਿਰ ਇਕ ਗ਼ਲਤ ਟੈਂਡਰ
ਤਸਦੀਕ ਲਈ ਦਿੱਤਾ

ਉਹ ਟੈਗ ਲੱਭ ਰਿਹਾ
ਉਸ ਦੀਆਂ ਅੱਖਾਂ ਅੱਗੇ ਟੈਗ ਲਮਕਦੇ ਹਨ
ਇਕ ਦੋ ਚਾਰ ਸੌ ਹਜ਼ਾਰ ਲੱਖ

ਟੈਗਾਂ ਦਾ ਇਕ ਫਾਂਸੀ ਦਾ ਰੱਸਾ ਬਣ ਰਿਹਾ

ਉਸਨੇ ਟੈਂਡਰ 'ਤੇ ਆਪਣੇ ਦਸਤਖ਼ਤ ਕਰ
ਪੈੱਨ ਦੀ ਨਿੱਬ ਤੋੜ ਦਿੱਤੀ

ਹੈਂਗ ਟਿਲ...                ਲਾਈਫ਼

•

## • ਇੰਜਣ ਡਰਾਈਵਰ

ਹੁਣ ਉਸਨੂੰ ਇੰਜਣ ਦਾ ਸ਼ੋਰ ਸੁਣਾਈ ਨਹੀਂ ਦਿੰਦਾ

ਪਲੇਟਫਾਰਮ 'ਤੇ ਤੁਰਦੇ ਫਿਰਦੇ ਯਾਤਰੀ ਉਸਨੂੰ
ਉਖੜੀਆਂ ਫਿਸ਼-ਪਲੇਟਾਂ ਲੱਗਦੇ

ਇੰਨੇ ਵਰ੍ਹਿਆਂ 'ਚ ਕਿੰਨੇ ਸਟੇਸ਼ਨ ਲੰਘ ਚੁੱਕਾ

ਪਤਨੀ
ਵਕਤ ਤੋਂ ਪਹਿਲਾਂ ਉਤਰ ਗਈ

ਬੇਟਾ
ਗ਼ਲਤ ਟਰੈਕ 'ਤੇ ਪੈ ਗਿਆ

ਬੇਟੀ
ਦੌੜ ਕੇ ਇਲੈਕਟ੍ਰਿਕ ਟ੍ਰੇਨ 'ਤੇ ਜਾ ਚੜ੍ਹੀ

ਹੁਣ ਪਤਾ ਨਾ ਲੱਗਦਾ
ਕਦੋਂ ਸਟੇਸ਼ਨ ਆ ਜਾਂਦਾ
ਲੰਘ ਜਾਂਦਾ
ਹਨੇਰਾ ਛਾ ਜਾਂਦਾ
ਸਿਗਨਲ ਡਾਊਨ ਅੱਪ ਹੋ ਜਾਂਦਾ

ਕੁਝ ਨਾ ਦਿਸਦਾ
ਦਿਸਦੀ ਤਾਂ
ਪਟੜੀਆਂ ਤੇ ਹਨੇਰੇ ਵਿਚਕਾਰ ਫੈਲੀ
ਰਫ਼ਤਾਰ
•

## • ਰੋਟੀ ਤੇ ਸੈਂਸੈਕਸ

ਅੱਧੇ ਦਿਨ ਦੀ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਉਸਨੇ
ਸਾਈਕਲ ਦੀ ਕਾਠੀ ਹੇਠੋਂ
ਅਖ਼ਬਾਰ 'ਚ ਲਪੇਟੀ ਰੋਟੀ ਕੱਢੀ

ਤਿੰਨ ਚਾਰ ਰੋਟੀਆਂ ਤੇ ਅਚਾਰ

ਅਖ਼ਬਾਰ 'ਚ
ਸੈਂਸੈਕਸ ਡਿੱਗਣ ਨਾਲ
ਅਰਬਾਂ ਦੇ ਨੁਕਸਾਨ ਦੀ ਖ਼ਬਰ ਹੈ

ਇਕਦਮ ਕੁੱਤਾ ਭੌਂਕਿਆ
ਰੋਟੀ ਰੇਤ 'ਤੇ ਡਿੱਗ ਪਈ
ਚੁੱਕੀ
ਪਹਿਲੀ ਬੁਰਕੀ ਕੁੱਤੇ ਨੂੰ ਪਾਈ
ਤੇ ਸ਼ਾਂਤ ਨਜ਼ਰਾਂ ਨਾਲ ਅਸਮਾਨ ਵੱਲ ਤੱਕਿਆ

ਰੱਜ ਕੇ ਰੋਟੀ ਖਾਧੀ
ਡਕਾਰ ਮਾਰਿਆ
ਅਖ਼ਬਾਰ ਨਾਲ ਹੱਥ ਪੂੰਝੇ
ਤੇ ਪਰ੍ਹੇ ਸੜਕ 'ਤੇ ਕੁੱਤੇ ਅੱਗੇ ਸੁੱਟ ਦਿੱਤੀ

ਰੋਟੀ ਦੀ ਖ਼ੁਸ਼ਬੂ ਸੁੰਘਦਾ
ਕੁੱਤਾ ਓਨਾ ਚਿਰ
ਪਾੜਦਾ ਰਿਹਾ ਅਖ਼ਬਾਰ
ਹੋ ਨਾ ਗਈ ਜਿੰਨਾ ਚਿਰ ਲੀਰੋ ਲੀਰ
ਖ਼ੁਸ਼ਬੂ 'ਚੋਂ ਸੈਂਸੈਕਸ ਦੀ ਖ਼ਬਰ
•

## • ਸ਼ਕਲ

ਉਸ ਆਦਮੀ ਦੀ ਸ਼ਕਲ ਗੁੰਮ ਗਈ ਏ

ਪਹਿਲਾਂ ਉਸਨੂੰ ਘਰ ਦੇ ਪਿਛਵਾੜੇ ਟੰਗੇ
ਪੁਰਖਿਆਂ ਦੇ ਸ਼ੀਸ਼ੇ 'ਤੇ ਸ਼ੱਕ ਹੋਇਆ
ਫੇਰ ਅਚਾਨਕ
ਆਪਣੇ ਬੱਚੇ ਦੀ ਅੱਖ ਅੰਦਰ ਝਾਕ ਸਹਿਮ ਗਿਆ

ਇਕ ਵਾਰ ਉਸਨੂੰ ਲੱਗਾ—
ਭੀੜ ਦੇ ਹੱਥ ਆ ਗਈ ਏ ਉਸਦੀ ਸ਼ਕਲ
ਜਿਸਨੂੰ ਸਟਿਲ ਕਰ ਕੇ
ਕਿਸੇ ਐਂਡਵਰਟਾਈਜਿੰਗ ਬੋਰਡ 'ਤੇ ਲਗਾ ਦਿੱਤਾ

ਜਾਂ
ਮੰਦਰ ਦੇ ਸਰੋਵਰ 'ਚ ਤਿਲਕ ਕੇ ਡਿੱਗ ਪਈ ਹੈ

ਤੇ ਰੱਬ ਡੂੰਘਾ

ਉਹ ਰਾਜਪੱਥ
ਕਾਰਪੋਰੇਟ ਦਫ਼ਤਰ
ਆਜ਼ਾਦੀ ਤੋਂ ਬਾਅਦ ਦੇ ਸੁਪਨਿਆਂ ਦੀਆਂ
ਗੁੰਮ ਫਾਈਲਾਂ
ਰਾਸ਼ਨ-ਕਾਰਡ
ਵੋਟਰ ਕਾਰਡ
ਸਭ ਫਰੋਲ ਸੁੱਟਦਾ

ਫੇਰ ਕੋਈ ਹੱਸਦਾ
ਤੇਰੀ ਤਾਂ ਪਿੱਠ ਪਿੱਛੇ ਲੱਗੀ ਹੈ
ਸ਼ਕਲ ਤੇਰੀ

ਤੇ ਉਹ ਆਪਣੀ ਸ਼ਕਲ ਲੱਭਦਾ ਸਦੀਆਂ ਤੋਂ
ਘੁੰਮ ਰਿਹਾ ਤੇਜ਼
ਆਪਣੇ ਮਗਰ

•

## • ਇਹ ਸ਼ਹਿਰ ਇਕ ਪਾਗਲ ਮੇਮ ਹੈ

ਇਸ ਸ਼ਹਿਰ ਇਕ ਪਾਗਲ ਮੇਮ ਰਹਿੰਦੀ ਸੀ—

ਐੱਮ.ਏ. ਪਾਸ
ਹੱਥਾਂ 'ਚ ਹਮੇਸ਼ਾ ਇਕ ਨਿੱਕਾ ਸ਼ੀਸ਼ਾ
ਪਾਊਡਰ ਨਾਲ ਮੂੰਹ ਚਿੱਟਾ ਕਰੀ
ਫਰਰ ਫਰਰ ਅੰਗਰੇਜ਼ੀ ਬੋਲਦੀ
ਸਿਰ 'ਤੇ ਲਾਲ ਰਿਬਨ ਬੰਨ੍ਹਦੀ
ਅਕਸਰ ਦਿਸ ਜਾਂਦੀ
ਕਿਸੇ ਬੰਦ ਖੋਖੇ ਹੇਠਾਂ ਲਿਪਸਟਿਕ ਲਾਉਂਦੀ

ਮੈਂ ਉਸ ਅੰਦਰ ਮਰ ਚੁੱਕੀ ਪੰਜਾਬੀ ਬਾਰੇ ਜਾਣਦਾ ਹਾਂ...

ਜਦ ਵੀ ਉਹਦੇ ਸਿਰ ਤੋਂ ਜਹਾਜ਼ ਲੰਘਦਾ
ਉੱਚੀ-ਉੱਚੀ ਬੋਲਣ ਲੱਗਦੀ—
ਡਰੈਕਟ ਫਲਾਈਟ
ਅੰਮ੍ਰਿਤਸਰ ਟੂ ਲੰਡਨ
ਕੋਈ ਜਾਏਗਾ ਤੇ ਪਤਾ ਨਹੀਂ ਆਏਗਾ ਵੀ ਕਿ ਨਹੀਂ

ਸੈਂਕੜੇ ਕਾਂਟੇ ਵੱਜੀ ਤਸਵੀਰ 'ਤੇ
ਇਕ ਹੋਰ ਕਾਂਟਾ ਮਾਰਦੀ

ਰਾਤ ਸਟਰੀਟ ਲਾਈਟ ਹੇਠਾਂ ਕੋਈ
ਅੰਗਰੇਜ਼ੀ ਨਾਵਲ ਪੜ੍ਹਦੀ ਪੜ੍ਹਦੀ
ਅਚਾਨਕ ਟਿਊਬ ਨੂੰ ਵੱਟਾ ਮਾਰ ਤੋੜ ਦੇਂਦੀ
ਗਲੀ 'ਚ ਖੁੱਲ੍ਹੇ ਗਟਰ ਅੰਦਰ ਝਾਕਦੀ
ਬੁੜ ਬੁੜ ਕਰਦੀ

ਕਿਵੇਂ ਨਿਕਲੇਗਾ ਉਹ ਬਾਹਰ...!

ਪਤਾ ਨਹੀਂ ਮਰ ਗਈ ਕਿ ਜਿਊਂਦੀ ਨਹੀਂ...?

ਪਰ ਅਜੇ ਵੀ
ਦਿਨ ਰਾਤ ਘੁੰਮਦਿਆਂ
ਦਿਸ ਪੈਂਦੀ ਮੈਨੂੰ
ਕਿਸੇ ਪਲਾਜ਼ਾ 'ਚ ਪਰਚੇਸਿੰਗ ਕਰਦੀ
ਸੁਪਰਕੱਟ 'ਚ ਲਿਪਸਟਿਕ ਲਾਉਂਦੀ
ਡਰੈਕਟ ਫਲਾਈਟ ਉਡੀਕਦੀ

ਤੇ ਮੈਂ ਅੱਜ ਵੀ
ਇਸ ਸ਼ਹਿਰ ਦੀਆਂ ਪੁੱਟੀਆਂ ਸੜਕਾਂ 'ਚੋਂ
ਉਸ ਪਾਗਲ ਮੇਮ ਹੱਥੋਂ ਡਿੱਗਾ
ਸ਼ੀਸ਼ਾ ਲੱਭਦਾ ਹਾਂ

•

## • ਐਡਵਰਟਾਈਜ਼ਿੰਗ ਬੋਰਡ

ਘਰ ਅੱਜ
ਬਾਜ਼ਾਰ ਨਾਲ ਭਰ ਗਿਆ

ਜੇਬ ਖ਼ਾਲੀ ਹੋ ਗਈ
ਵਰ੍ਹਿਆਂ ਤੋਂ ਜੋ ਚੀਜ਼ਾਂ
ਮਨ 'ਚ ਡੂੰਘੀਆਂ ਜੜ੍ਹਾਂ ਲਾਈ ਬੈਠੀਆਂ ਸਨ
ਬਿਸਤਰੇ 'ਤੇ ਪਈਆਂ

ਜਾਂਦੀ ਵੇਰ ਬਾਜ਼ਾਰ ਮੈਨੂੰ
ਏ.ਸੀ. ਕਮਰਿਆਂ 'ਚੋਂ ਲੰਘਾਉਂਦਾ
ਲਿਫਟ ਰਾਹੀਂ
ਆਟੋਮੈਟਿਕ ਡੋਰ ਤਕ ਛੱਡਣ ਆਇਆ

ਹੁਣ ਦੇਖੋ ਨਾ
ਬਾਜ਼ਾਰ 'ਚ ਜ਼ਰਾ 'ਈਗੋ' ਨਹੀਂ ਰਹੀ
ਕੁਝ ਪਲ ਹੋਏ ਮੁੜਿਆਂ
ਕਿ ਆ ਗਏ ਐੱਸ.ਐੱਮ.ਐੱਸ.
ਥੈਂਕਸ ਫਾਰ ਗੁੱਡ ਪਰਚੇਸਿੰਗ
ਤੇ ਨਵੇਂ ਆਏ ਪ੍ਰੋਡਕਟਸ ਦੇ ਨਾਂ

ਮਨ ਫੇਰ ਲਬਾਬਲ ਭਰ ਗਿਆ
ਬੁੱਧ ਮਹਾਂਵੀਰ ਦੇ
ਵਧਦੀਆਂ ਇੱਛਾਵਾਂ ਦੇ ਪ੍ਰਵਚਨ
ਧੁੰਦਲੇ ਪੈਣ ਲੱਗੇ
ਚੀਜ਼ਾਂ ਦੇ ਲੇਬਲ ਤੇ
ਡਿਸਕਾਊਂਟਡ ਰੇਟ ਮੱਥੇ 'ਚ ਚਮਕਣ ਲੱਗੇ

ਮਸਤਕ ਫੇਰ ਬਨਣ ਲੱਗਾ
ਬਾਜ਼ਾਰ ਦਾ ਐਡਵਰਟਾਈਜ਼ਿੰਗ ਬੋਰਡ...
•

## • ਬੰਦ ਦਾ ਸੱਦਾ

ਸਾਰਾ ਦਿਨ
ਦਿਹਾੜੀਦਾਰ ਦੇਬੂ
ਠੰਡੀ ਰੇਤ ’ਤੇ ਕਲੋਲਾਂ ਕਰਦੇ ਕੁੱਤਿਆਂ ਨੂੰ
ਰੋੜੇ ਮਾਰਦਾ
ਉਸ ਕੰਧ ਨਾਲ
ਢਾਸਣਾ ਲਾਈ ਖੜ੍ਹਾ ਰਿਹਾ
ਜਿਹੜੀ ਪਿਛਲੇ ਦਿਨ
ਅੱਧੀ ਉਸਾਰ ਕੇ
ਰੋਟੀ ਖਾਧੀ ਸੀ

ਉਂਞ ਸ਼ਾਂਤਮਈ ਰਿਹਾ
ਬੰਦ ਦਾ ਸੱਦਾ
•

## • ਬਸਤੀ ਮਕਬੂਲ ਪੁਰਾ—ਪੰਜ ਦ੍ਰਿਸ਼

**-1-**

ਉਧਰੋਂ ਗੋਗੀ ਅਖ਼ਬਾਰ ਸੁੱਟ ਪਰਤਿਆ
ਉਧਰੋਂ ਨਿੱਕੀ ਜਿਸਮ

ਬਚੇ-ਖੁਚੇ ਇਸ਼ਤਿਹਾਰ ਪਰ੍ਹੇ ਸੁੱਟਦਾ
ਗੋਗੀ
ਪੈਸਿਆਂ ਦਾ ਹਿਸਾਬ ਮੰਗਦਾ
ਨਿੱਕੀ
ਗੋਗੀ ਦੀ ਜੇਬ ਫਰੋਲਦੀ

ਗੋਗੀ ਵਾਲਾਂ ਤੋਂ ਨਿੱਕੀ ਨੂੰ
ਵਿਹੜੇ 'ਚ ਘੜੀਸਦਾ
ਨਿੱਕੀ ਗਾਲ੍ਹਾਂ ਕੱਢਦੀ
ਗੋਗੀ ਦੇ ਵਾਲ ਪੁੱਟਦੀ

ਪੈਸੇ ਫਰਸ਼ 'ਤੇ ਬਿਖਰ ਜਾਂਦੇ
ਅਖ਼ਬਾਰ ਤੇ ਜਿਸਮ ਦਾ ਹਿਸਾਬ ਰਲਗੱਡ ਹੋ ਜਾਂਦਾ
•

-2-

ਝੁਕੀ ਕਮਰ

ਖੰਘਦੀ ਬੇਬੇ
ਸੜਕ ਤੋਂ ਉੱਨ ਦੇ ਟੋਟੇ ਇਕੱਠੇ ਕਰ
ਝੋਲੇ 'ਚ ਪਾ ਰਹੀ

ਗੰਦ ਦੇ ਢੇਰ 'ਚੋਂ
ਪਾਟਾ ਉਧੜਿਆ ਸਵੈਟਰ ਲੱਭਿਆ

ਸੁਖ ਨਾਲ ਪੋਤਰਾ ਹੋਇਆ
ਤੇ ਠੰਡ ਕੜਕ ਪੈ ਰਹੀ

ਕੰਬਦੀ
ਵਿੰਗੀਆਂ ਟੇਢੀਆਂ ਸਲਾਈਆਂ ਨਾਲ
ਸਵੈਟਰ ਬੁਣ ਰਹੀ

ਘੱਰੇ ਵਾਰ ਵਾਰ ਡਿੱਗਦੇ

ਸਲਾਈਆਂ
ਕਦੇ ਸਾਹਾਂ ਦੇ

•

-3-

ਜਦੋਂ ਵੀ ਰਾਣੋ ਦੀ ਨਜ਼ਰ
ਕਾਰਪੋਰੇਸ਼ਨ ਦੀ ਟੂਟੀ 'ਤੇ ਪੈਂਦੀ
ਕਾਲੂ ਕਢਾਈ ਵਾਲਾ ਯਾਦ ਆ ਜਾਂਦਾ

ਲਿਸ਼ਕਦਾ ਕਾਲਾ ਡੌਲਾ

ਰੋਜ਼
ਦੋ ਚਾਰ ਸਫ਼ੇਦ ਪੁੜੀਆਂ
ਏਧਰ ਉਧਰ ਕਰ ਜੁਗਾੜ ਬੰਨ ਲੈਂਦਾ

ਉਸ ਦਿਨ
ਟੈਮ ਸਿਰ ਪਾਣੀ ਨਾ ਆਉਣ 'ਤੇ
ਰਾਣੋ ਨੂੰ ਤਿੱਖੀ ਧੁੱਪ 'ਚ ਖੜਿਆ ਵੇਖ
ਸਰਕਾਰੀ ਕਰਮਚਾਰੀ ਸਾਹਮਣੇ
ਟੂਟੀ
ਇਕੋ ਹੱਥ ਨਾਲ ਉਖਾੜ
ਮਹਿਕਮੇ ਨੂੰ
ਗਾਲ੍ਹਾਂ ਕੱਢਦਾ ਨਿਕਲ ਗਿਆ

ਪਿਛਲੇ ਦਿਨੀਂ
ਪੁਲਸ ਹੱਥੋਂ ਗਲਤੀ ਨਾਲ ਮਾਰਿਆ ਗਿਆ

ਤਪਦੀ ਲੂ 'ਚ ਰਾਣੋ
ਖੁੱਲ੍ਹੀ ਸੁੱਕੀ ਸੂੰ ਸੂੰ ਕਰਦੀ ਟੂਟੀ ਅੰਦਰੋਂ
ਬੂੰਦ ਨਿਕਲਣ ਦੀ
ਖਰਵੀਂ ਆਵਾਜ਼ ਸੁਣ ਰਹੀ...

•

-4-

ਬੜਬੋਲਾ ਮਾਈਕਲ
ਪੈਂਚਰ ਲਾਉਂਦਾ
ਵਿੱਚੋਂ-ਵਿੱਚੋਂ ਕਰਾਸ ਚੁੰਮ ਲੈਂਦਾ

ਕੋਠੇ ਜਿੱਡੀ ਧੀ ਬਾਰੇ ਸੋਚਦਿਆਂ
ਵਿੰਗੇ ਰਿੰਮ 'ਤੇ
ਹਥੌੜੇ ਦੀ ਡੂੰਘੀ ਸੱਟ ਮਾਰਦਾ

ਘਰਵਾਲੀ ਨੂੰ ਡਾਂਟਦਾ—
ਹੁਣ ਨਾ ਭੇਜਿਆ ਕਰ
ਪਰਾਏ ਘਰਾਂ 'ਚ ਸਫ਼ਾਈ ਕਰਨ

ਅੱਜ ਦੇਰ ਹੋਈ ਵੇਖ
ਪੁੱਛਿਆ ਘਰਵਾਲੀ ਨੂੰ
ਆਈ ਕਿਉਂ ਨਹੀਂ...?

ਵਿੰਗੇ ਰਿੰਮ 'ਚੋਂ ਚੀਂ-ਚੀਂ ਹੋਈ
ਅੱਥਰੂ ਡਿੱਗਾ
ਬੁੱਲ੍ਹ ਕੰਬੇ

ਕਰਾਸ ਖੁਭ ਗਿਆ
ਮਾਈਕਲ ਦੀ ਜੀਭ ਪੈਂਚਰ ਹੋ ਗਈ

•

-5-
ਸੁਬ੍ਹਾ ਸ਼ਾਮ ਬੁੜ੍ਹਾ ਤਾਸ਼ ਖੇਡਦਾ

ਯੱਕਾ ਵੇਖ ਬੁੜਬੁੜਾਉਂਦਾ
ਕਦੇ ਤਿਸਰ ਨਹੀਂ ਵੱਜੀ ਅੱਜ ਤਕ

ਰੋਣ ਲਈ ਬੇਗ਼ਮ ਦਾ ਸਹਾਰਾ ਲੈਂਦਾ

ਜਿੱਤਦਾ ਹਾਰਦਾ
ਜੋਕਰ
ਟਾਕੀਆਂ ਲੱਗੇ
ਪਜਾਮੇ ਦੇ ਨੇਫੇ 'ਚ ਟੰਗ
ਪਹੁੰਚ ਜਾਂਦਾ ਪੂਰਨ ਦੀ ਰੇੜ੍ਹੀ
ਘਰ ਦੀ ਕੱਢੀ ਪੀਂਦਿਆਂ
ਡਗਮਗਾਉਂਦਿਆਂ
ਮੁੰਡਿਆਂ ਜਵਾਈਆਂ ਘਰਵਾਲੀ ਨੂੰ
ਧੀ ਦੀ ਭੈਣ ਦੀ ਕਰਦਾ

ਨਾਲੀ 'ਚ ਡਿੱਗ ਪੈਂਦਾ ਨੇਫ਼ੇ 'ਚੋਂ ਜੋਕਰ

ਤੜਕੇ
ਨੇਫ਼ੇ 'ਚ ਜੋਕਰ ਅੜਾਉਂਦਾ
ਬੁੜਾ ਫੇਰ
ਘਰ ਵੱਲ ਤੁਰਦਾ

ਤਿੱਸਰ ਭਾਲਦਾ...
•

## • ਵੀਨਸ

ਮੈਂ ਉਸ ਘਰ ਅੰਦਰ ਪੁਲਾਂਘ ਪੁੱਟਣ ਤੋਂ ਡਰਦਾ

ਪੁਲਾਂਘ ਪੁੱਟਦਾ ਹਾਂ

ਅੰਦਰੋਂ ਭਾਫ ਉੱਠ ਰਹੀ

ਐਨਕ ਉਤਾਰਦਾਂ

ਨੱਕ ਸਾਫ਼ ਕਰਦੇ ਨੰਗੇ ਬੱਚੇ
ਗੋਹੇ ਦੇ ਫ਼ਰਸ਼ 'ਤੇ ਡਿੱਗੀ ਪਲੇਟ 'ਚੋਂ
ਦਾਲ ਚਾਵਲ ਖਾ ਰਹੇ

ਦੋ ਢਿਲਕੇ ਜਿਸਮ ਮੰਜੀ ਕੱਸ ਰਹੇ

ਮੇਰੀ ਪੈਂਦ ਢਿੱਲੀ ਪੈਣ ਲੱਗਦੀ

ਕੰਧਾਂ 'ਤੇ ਹੱਥਾਂ ਦੇ ਨਿਸ਼ਾਨ ਹਨ
ਸ਼ੀਸ਼ੇ 'ਤੇ ਝਰੀਟਾਂ

ਇਸ ਘਰ ਦੇ ਬੀਤੇ ਦੀ ਸਕ੍ਰਿਪਟ...
ਕੌਣ ਪੜ੍ਹੇਗਾ ਇਹਨੂੰ...!

ਬਾਹਰ ਨਿਕਲਦਾ ਤਾਂ
ਦਹਿਲੀਜ਼ 'ਤੇ ਇਕ ਕੱਟੇ ਬਾਜੂ ਵਾਲੀ ਬੱਚੀ ਮੁਸਕਰਾ ਰਹੀ

ਵੀਨਸ...

•

## • ਨਿੰਮੋ ਤੇ ਪ੍ਰਭੂ

ਦੂਰ ਪੱਕੇ ਕੋਠੇ 'ਚੋਂ ਟੋਕਾ ਚੱਲਣ ਦੀ ਆਵਾਜ਼ ਆ ਰਹੀ

ਪਾਲ ਸਿੰਘ ਸਰਦਾਰਾਂ ਦਾ ਕਾਕਾ
ਉਰਫ਼ ਪ੍ਰਭੂ
ਤਿੱਖੀ ਦੁਪਹਿਰੇ ਪਸੀਨੋ ਪਸੀਨੀ ਪੱਠੇ ਉਡੀਕ ਰਿਹਾ

ਨਿੰਮੋ ਪੱਠਿਆ ਦੀ ਪੰਡ ਸਿਰ 'ਤੇ ਚੁੱਕ
ਖਾਲ ਟੱਪਦੀ
ਤਾਂ ਉਹ ਛਲਕਦੀਆਂ ਛਾਤੀਆਂ ਵੇਖ ਝੇਪ ਜਾਂਦਾ

ਮਾਂ ਦੀ ਗੱਲ ਯਾਦ ਆਉਂਦੀ—
ਮੂੰਹ ਨਾ ਲਾਈਂ ਕਦੇ ਇਸ ਕਾਲੀ ਕਲੂਟੀ
ਨੀਮੀਂ ਜਾਤ ਨੂੰ
ਕਮੀਨੀ ਕਿੱਦਾਂ ਲਛੂ ਲਛੂ ਕਰਦੀ

ਅੱਜ ਗੁੱਸੇ 'ਚ ਖੜ੍ਹਾ ਉਡੀਕ ਰਿਹਾ

ਸਾਹੋ-ਸਾਹੀ ਨਿੰਮੋ ਨੇ
ਸ਼ਰਾਰਤ ਨਾਲ
ਪੰਡ ਪ੍ਰਭੂ ਦੇ ਪੈਰਾਂ 'ਤੇ ਲਿਆ ਸੁੱਟੀ

ਪ੍ਰਭੂ ਦੀਆਂ ਅੱਖਾਂ 'ਚ ਬੀਨ ਵੱਜੀ
ਨਾਗਣ ਲੱਕੋ ਫੜੀ
ਟੋਕੇ ਦੀ ਆਵਾਜ਼ ਪਹਿਲਾਂ ਤੇਜ ਹੋਈ
ਫੇਰ ਇਕਦਮ ਪਟਾ ਗਰਾਰੀ ਤੋਂ ਉੱਤਰ ਗਿਆ

ਨਾਗਣ ਦੌੜ ਕੇ ਸਰ੍ਹੋਂ ਦੇ ਖੇਤਾਂ 'ਚ ਵੜ ਗਈ...

•

## • ਤੂੰ ਬੋਲਦਾ ਕਿਉਂ ਨਹੀਂ

**(ਅਮਿਤ ਬਾਵਾ ਲਈ)**

ਤੂੰ ਬੋਲਦਾ ਕਿਉਂ ਨਹੀਂ

ਪਤਾ ਵੀ ਹੈ
ਇਨ੍ਹੀਂ ਦਿਨੀਂ ਮੈਂ ਆਵਾਜ਼ 'ਤੇ ਕਵਿਤਾਵਾਂ ਲਿਖ ਰਿਹਾਂ

ਇਕ ਅਣਸੁਣੀ ਆਵਾਜ਼ ਨੇ ਮੈਨੂੰ
ਕਿਸੇ ਜਨਮ ਦੀ ਭੁੱਲੀ ਗੱਲ ਚੇਤੇ ਕਰਾ ਦਿੱਤੀ ਹੈ
ਇਕ ਸੁਣੀ ਆਵਾਜ਼ ਨੇ
ਅਜਗਰ ਵਾਂਗ ਵਲ ਪਾ ਲਿਆ

ਤੇਰੀ ਆਵਾਜ਼
ਹਵਾ 'ਚੋਂ ਫੁੱਲ ਵਾਂਗ ਡਿੱਗੀ ਏ

ਤੂੰ ਬੋਲਦਾ ਕਿਉਂ ਨਹੀਂ...

ਕਹਿੰਦੇ—
ਆਵਾਜ਼ਾਂ ਕਦੇ ਨਹੀਂ ਮਰਦੀਆਂ
ਖ਼ਲਾਅ 'ਚ ਰਹਿੰਦੀਆਂ
ਆਦਮੀ ਕੋਲ ਕੋਈ ਮੰਤਰ ਨਹੀਂ
ਕਿ ਹੁਣ ਤਕ ਬੋਲੀਆਂ ਆਵਾਜ਼ਾਂ ਸੁਣ ਸਕੇ

ਤੇਰੇ ਕੋਲ ਤਾਂ ਕਵਿਤਾ ਹੈ

ਇਸ ਤਰ੍ਹਾਂ ਨਾ ਮੁਸਕਰਾ
ਤੇਰੇ ਸਿਰ 'ਚ ਕਿਸੇ ਕਾਂ ਨੇ ਠੂੰਗਾ ਮਾਰਿਆ
ਤੇ ਮੈਂ ਅੱਜ-ਕੱਲ੍ਹ
ਕਾਂ ਦੀ ਚੁੰਝ ਤੇ ਤੇਰੇ ਸਿਰ ਵਿਚਾਲੇ ਹੋਏ ਵਿਸਫ਼ੋਟ ਨੂੰ
ਕਵਿਤਾ 'ਚ ਉਲਥਾ ਰਿਹਾਂ...

ਤੂੰ ਬੋਲ...
•

## • ਅਣਸੁਣਿਆ

ਏਨਾ ਹੀ ਹੌਲੀ ਬੋਲ

ਪਤਾ ਹੀ ਨਾ ਚੱਲੇ
ਤੂੰ ਬੋਲੀ ਕੀ ਏ
ਪਹੁੰਚ ਹੀ ਨਾ ਸਕਾਂ
ਬੋਲਾਂ ਤੀਕ

ਤੇ ਇਹ ਅਣਸੁਣਿਆ ਫੈਲਿਆ ਰਹੇ
ਆਲੇ-ਦੁਆਲੇ

ਅਨੇਕਾਂ ਸ਼ਬਦ
ਕੰਨਾਂ 'ਚ ਪੱਥਰ ਬਣ ਗਏ ਨੇ
ਤੇਰੀ ਆਵਾਜ਼ ਝਰਨੇ ਵਾਂਗ ਡਿੱਗਦੀ ਏ
ਪੱਥਰ ਤਰਾਸ਼ੇ ਤਾਂ ਜਾਂਦੇ
ਪਰ ਮੇਰੀ ਮਿੱਟੀ 'ਚ ਡੂੰਘੇ ਪਏ
ਵਾਕ
ਜੋ ਅਣਸੁਣੇ

ਇਹ ਧੁਨ ਏ ਕੋਈ
ਮੇਰੇ ਵੱਲ ਆ ਰਹੀ
ਤੇ ਮੈਂ
ਇਸ ਅਣਸੁਣੇ 'ਚੋਂ ਸੁਣ ਰਿਹਾਂ

ਦੂਰ
ਤੇਰੇ ਹਿੱਲਦੇ ਬੁੱਲ੍ਹ
•

## • ਆਵਾਜ਼ ਤਾਂ ਮਾਰ

ਬੁੱਲ੍ਹ ਬਦਲ ਗਏ ਕਿ ਨਾਮ

ਅਸਮਾਨ ਬਦਲ ਗਿਆ
ਕਿ ਆਵਾਜ਼

ਨਦੀ ਤਾਂ ਉਹੋ ਹੋ

ਯੁੱਗ ਪਲਟਿਆ
ਕਿ ਨੀਂਦ ਖੁੱਲ੍ਹੀ

ਗੱਲ ਤਾਂ ਇਸੇ ਜਨਮ ਦੀ ਹੋਈ ਸੀ

ਦੀਵਾਰਾਂ ਉਹੀ
ਬਸ ਰੰਗ ਬਦਲੇ ਨੇ

ਉਹ ਦੇਖ
ਪਾਣੀ 'ਚ ਤੇਰਾ ਨਾਮ ਉਸੇ ਤਰ੍ਹਾਂ ਜਗਦਾ ਪਿਆ

ਕਿਥੇ ਹੈ...
ਇਹ ਧੂੰਆਂ
ਹੂਕ
ਕਿਥੋਂ ਉੱਠੇ

ਆਵਾਜ਼ ਤਾਂ ਮਾਰ
•

## • ਸਟੀਮਰ

ਹਨੇਰਾ ਸੰਘਣਾ ਹੋ ਰਿਹਾ
ਦੂਰ ਸਮੁੰਦਰ ਦੀ ਡੂੰਘੀ ਗਰਜਣਾ ਧੂਹ ਪਾ ਰਹੀ

ਕਿਨਾਰੇ 'ਤੇ ਬੱਝਾ ਹਿਚਕੋਲੇ ਖਾ ਰਿਹਾ

ਇਧਰ
ਨਾਰੀਅਲ ਕਤਾਰਾਂ 'ਚੋਂ ਧੁੱਪ
ਗਿਰੀ ਛੂੰਹਦੀ
ਪੱਤਿਆਂ 'ਚੋਂ ਛਣਦੀ
ਲੰਘ ਰਹੀ

ਲਹਿਰਾਂ
ਨਿੱਕੀਆਂ ਚੱਟਾਨਾਂ ਨਾਲ ਖੇਡਦੀਆਂ
ਮੁੜ ਜਾਂਦੀਆਂ
ਹਲਕਾ ਕੰਪਨ ਦੇ

ਜੀਅ ਕਰ ਰਿਹਾ
ਤਿੱਖੇ ਦੰਦਿਆਂ ਨਾਲ
ਲਹਿਰਾਂ ਦਾ ਸੀਨਾ ਚੀਰਦਾ
ਨਰੀਅਲ 'ਚੋਂ ਆਵਾਜ਼ ਕਰਦਾ
ਗਿਰੀ ਛੂੰਹਦਾ
ਪਾਰ ਜਾਵਾਂ

ਸਮੁੰਦਰ ਨੂੰ ਆਵਾਜ਼ ਦੇਵਾਂ

ਵੇਖ
ਮੈਂ ਇਧਰ ਹਾਂ...
•

## • ਪੇਂਟਿੰਗ

ਆਵਾਜ਼ ਆ ਰਹੀ

ਡੂੰਘੀ ਬਰਫ਼ਾਨੀ ਰਾਤ 'ਚ
ਮਛੇਰਨ ਦੇ ਸਾਹਾਂ ਦੀ...

ਸਮੁੰਦਰ ਵਿਚਕਾਰ
ਸੁੰਨਸਾਨ ਟਾਪੂ 'ਚੋਂ

ਚੱਪੂ ਨਾਲ
ਲਹਿਰਾਂ ਟਕਰਾਉਣ ਦੀ

ਮੱਛੀ ਕੋਈ
ਚਮਕਦੇ ਚਾਨਿਆਂ ਨਾਲ ਪਾਣੀ ਦੀ ਬੇਚੈਨੀ ਕੱਟ ਰਹੀ
ਕਿ
ਰਾਹ ਪੁੱਛਦੀ ਹਵਾ

ਸਮੁੰਦਰ ਇੰਝ ਕਿਉਂ ਵੇਖ ਰਿਹਾ
ਮੇਰੇ ਵੱਲ

ਮੈਂ ਕੋਈ ਚਿਤਰਕਾਰ ਹਾਂ...
•

## • ਸ਼ਿਕਾਰ

ਤੇਰੇ ਬਿਨਾਂ ਇਸ ਜਾਨਵਰ ਦਾ ਸ਼ਿਕਾਰ ਕਿੰਝ ਕਰਾਂਗਾ

ਪੰਧ ਮੁੱਕ ਰਿਹਾ
ਹਨੇਰਾ ਸੰਘਣਾ
ਗਿੱਲੀ ਮਿੱਟੀ 'ਚ ਖੁਭੇ ਪੰਜੇ ਡਰਾ ਰਹੇ
ਤੇ ਤੇਰਾ ਕਿਤੇ ਅਤਾ ਪਤਾ ਨਹੀਂ

ਕਿੰਨੀ ਵਾਰ ਕਿਹਾ ਤੈਨੂੰ
ਜਾਗਦੇ ਨੂੰ ਮਾਰਨਾ
ਜਦ ਵੀ ਆਈਂ
ਓਹਲੇ ਨਾਲ ਆਈਂ
ਪੋਲੇ ਪੈਰੀਂ

ਮੈਂ ਘਾਤ ਲਾ ਕੇ ਬੈਠਾ ਹੁੰਦਾ
ਤੂੰ ਜਾਣ ਬੁਝ ਝਾਂਜਰਾਂ ਛਣਕਾਉਂਦੀ ਆਉਂਦੀ
ਉਹ ਦਬੋਚ ਲੈਂਦਾ

ਗੱਲ ਕੀ...

•

## • ਪਹਿਚਾਣ

ਫੋਟੋ ਇਕ ਸੜ ਰਹੀ
ਤੇ ਮੈਂ ਅੱਗ 'ਚੋਂ ਕੱਢਦਾ ਹੱਥ ਜਲਾ ਬੈਠਾਂ

ਜਲਿਆ ਹੱਥ ਵੇਖ ਮਾਂ ਆਖਦੀ—
ਸੜਨੀ ਹੀ ਹੁੰਦੀ ਇਕ ਨਾ ਇਕ ਦਿਨ ਹਰ ਫ਼ੋਟੋ...!

ਬਾਪ ਵੱਲ ਤੱਕਦਾਂ
ਉਹ ਆਪਣੀ ਪੁਰਾਣੀ ਫੋਟੋ ਦੀ ਰਾਖ਼
ਸਾਂਭ ਰਿਹਾ

ਪਤਨੀ ਭੱਜੀ ਆਉਂਦੀ
ਮੇਰੇ ਬਟੂਏ 'ਚ ਆਪਣੀ ਫੋਟੋ
ਸੁਰੱਖਿਅਤ ਵੇਖ ਸੁੱਖ ਦਾ ਸਾਹ ਲੈਂਦੀ

ਬੇਟਾ ਬੋਲਦਾ—
ਪਾਪਾ ਮੈਂ ਤਾਂ ਆਪਣੀ ਫੋਟੋ
ਪਾਸਪੋਰਟ ਵਾਲੇ ਫਾਰਮ 'ਤੇ
ਲਗਾ ਆਇਆਂ

ਪ੍ਰੇਸ਼ਾਨ
ਜਲਿਆ ਹੱਥ ਲੈ ਇਧਰ-ਉਧਰ ਦੌੜਦਾ

ਅਜਨਬੀ ਇਕ ਕੁੜੀ ਆਉਂਦੀ
ਮੁਸਕਰਾਉਂਦੀ ਕਹਿੰਦੀ—
ਰੁਕ...ਵੇਖ

ਐਲਬਮ 'ਚੋਂ ਤੇਰੀ ਆਪਣੀ ਹੀ ਫ਼ੋਟੋ ਗੁੰਮ ਹੈ...

•

## • ਖੁੱਤੀ

ਸੈਰ ਕਰਦਿਆਂ
ਅਚਾਨਕ ਪਿੱਪਲ ਪਿੱਛੋਂ
ਬੱਚਿਆਂ ਦੇ ਹੱਸਣ ਦੀ ਆਵਾਜ਼ ਆਈ

ਲੁਕ ਕੇ ਦੇਖਿਆ
ਲਾਲ ਬੰਟੇ ਦੀ ਪੀਲੇ ਬੰਟੇ ਨਾਲ
'ਟਨ'

ਤ੍ਰੇਲ 'ਚ ਭਿੱਜੀ ਮਿੱਟੀ 'ਚ
ਉਹ
ਪਿੱਲ-ਗੋਲੀ ਖੇਡ ਰਹੇ

ਪਿੱਛੋਂ ਇਕ ਬੱਚਾ ਕਮੀਜ਼ ਖਿੱਚਦਾ ਪੁੱਛਦਾ
ਅੰਕਲ ਖੇਡੋਗੇ
ਪਿੱਲ-ਗੋਲੀ

ਮੈਂ ਆਪਣੇ ਅੰਦਰ ਝਾਕਦਾ
ਖੁੱਤੀ ਕਿਥੇ ਕੱਢੀ ਜਾ ਸਕਦੀ...
•

## • ਰਾਤ

ਕਿੰਨੀ ਗਈ...ਤੇ ਬਾਕੀ ਅਜੇ ਜਾਂਦੀ ਨਹੀਂ...!

ਪੌਣੀ ਰਾਤ
ਮਾਂ ਦੀਆਂ ਅੱਖਾਂ 'ਚ ਠਹਿਰ ਗਈ
ਜਿਵੇਂ ਉਹਦੀਆਂ ਅੱਖਾਂ ਹਨੇਰੇ ਦੇ ਲੁਕਣ ਲਈ ਖੰਦਕ ਹੋਣ

ਪਰਦੇਸ ਬੈਠੀ
ਭੈਣ ਦੀ ਡੋਲਦੀ ਆਵਾਜ਼
ਮੋਬਾਇਲ ਕੰਬ ਰਿਹਾ
ਪ੍ਰਮਾਤਮਾ ਦਾ ਐੱਸ.ਐੱਮ.ਐੱਸ ਉਡੀਕਦੀ
ਉਹਦੀ ਰਾਤ ਬੀਤ ਰਹੀ

ਹਨੇਰਾ ਡੀਲੀਟ ਨਹੀਂ ਹੋ ਰਿਹਾ

ਬਾਪ ਅੱਧੀ ਰਾਤ ਚੀਖ਼ ਮਾਰਦਾ
ਸਰ੍ਹਾਣੇ ਪਈ ਫੋਟੋ ਤਿੜਕਦੀ
ਉਹ ਕਿਰਚਾਂ ਪਾਸੇ ਕਰ ਵੇਖਦਾ
ਜੀਣ ਜੋਗੀ ਰਾਤ ਕਿਹੜੇ ਅਕਸ 'ਚ ਪਈ ਰਹਿ ਗਈ

ਬੇਟਾ...
ਸਕਰੀਨ 'ਤੇ ਮਾਊਸ ਨਾਲ ਆਪਣੀ ਰਾਤ 'ਚੋਂ
ਇਕ ਸਫੇਦ ਭੂਰੀ ਬਿੱਲੀ ਕੱਢ ਰਿਹਾ

ਮੈਂ ਤੇ ਪਤਨੀ
ਜਮ੍ਹਾ ਕਰਦੇ ਰਾਤ
ਇਕ ਦੂਜੇ ਦੀ ਰਾਤ 'ਚ
ਤਾਰੇ ਬਦਲ ਰਹੇ

ਅਚਾਨਕ ਯਾਦ ਆਉਂਦੀ ਮੈਨੂੰ
ਬੁੱਧ ਦੇ ਗਿਆਨ ਵਾਲੀ ਕਾਲੀ ਬੋਲ਼ੀ ਰਾਤ

ਟਿਕਦੀਆਂ ਡੋਲਦੀਆਂ ਇਹ ਰਾਤਾਂ
ਮੇਰੀ ਰਾਤ ਨੂੰ ਦੇਂਦੀਆਂ
ਅਜਬ ਡੂੰਘੀ
ਸਾਂ...ਸਾਂ...

•

## • ਜਾਣ ਕੇ ਕੀ ਲੈਣਾ

ਕਿਥੋਂ ਸ਼ੁਰੂ ਹੋ ਇਹ ਸਮੁੰਦਰ ਖ਼ਤਮ ਹੁੰਦਾ ਕਿਥੇ
ਕੀ ਪਤਾ...?

ਬਸ
ਬਾਦਬਾਂ ਤੇ ਹਵਾ ਗੱਲਾਂ ਕਰ ਰਹੇ

ਦੂਰ ਚੱਟਾਨ
ਖੁਰ ਰਹੀ

ਪਾਣੀ ਸਿਮਟ ਰਿਹਾ

ਮੱਛੀ ਸਮੁੰਦਰ ਲੱਭ ਰਹੀ

ਕਾਲੀ ਗਹਿਰੀ ਧੁੰਦ ਅੰਦਰ
ਪੰਛੀ ਪਰਾਂ ਨਾਲ ਪਾਣੀ ਛੂਹ ਉੱਡਦਾ
ਅਸਮਾਨ 'ਚ ਉਲਟਬਾਜ਼ੀਆਂ ਲਾਉਂਦਾ
ਧਰਤੀ ਪੁੱਠੀ ਕਰ ਰਿਹਾ

ਸੁੰਨਸਾਨ ਟਾਪੂ 'ਤੇ ਚੀੜ ਦੇ ਰੁੱਖਾਂ ਪਿੱਛੋਂ ਧੂੰਆਂ ਉੱਠ ਰਿਹਾ
ਸਿੱਪੀ ਖੁੱਲ੍ਹ ਰਹੀ

ਨਿੱਕੀ ਮੋਰੀ
ਪਾਣੀ ਭਰ ਰਿਹਾ

ਬੇੜੀ ਨੇ ਜਾਣ ਕੇ ਕੀ ਲੈਣਾ...
•

## • ਕਵੀ

ਉਹ ਮਟਕੀਆਂ ਤੋੜਦਾ
ਪਨਘਟ ਬਦਲਦਾ

ਮਟਕਦੀ ਤੋਰ ਤੋਂ ਜਾਣ ਲੈਂਦਾ
ਮਟਕੀ ਕਿੰਨੀ ਭਰੀ
ਗੋਪੀ ਕਿੰਨੀ ਖ਼ਾਲੀ

ਜਲ ਜ਼ਿਆਦਾ ਡੋਲਦਾ
ਕਿ ਗੋਪੀ ਦੀ ਅੱਖ

ਪਨਘਟ ਤਿਲਕਵਾਂ
ਕਿ ਗੋਪੀ ਦੇ ਪੈਰ

ਪਾਣੀ ਤੇ ਪਿਆਸ ਦੇ ਐਨ ਵਿਚਕਾਰ
ਗੁਲੇਲ ਮਾਰਦਾ

ਘੜਾ ਸਾਬਿਤ
ਗੋਪੀ
ਚਿੱਪਰ

ਉਹ ਚਿੱਪਰਾਂ ਇਕੱਠੀਆਂ ਕਰਦਾ...
•

## • ਚਿਖ਼ਾ

ਨਦੀ ਕੰਢੇ
ਚਿਖ਼ਾ ਬਲਣ ਨੂੰ ਤਿਆਰ

ਧੂੰਏਂ 'ਚੋਂ ਤੱਕਿਆ
ਮ੍ਰਿਤਕ ਦਾ ਚਿਹਰਾ ਮੇਰੇ ਨਾਲ ਮਿਲਦਾ

ਇਕ ਸ਼ਖ਼ਸ ਹੂਬਹੂ
ਮੇਰੀ ਸ਼ਕਲ ਦਾ
ਮੁੱਖ-ਅਗਨ ਦੀ ਲੱਕੜ ਫੜੀ ਖੜਾ

ਚਿਖਾ ਵੀ
ਮੇਰੇ ਜਿਹੇ ਕਿਸੇ ਰੁੱਖ ਨੂੰ ਵੱਢ
ਤਿਆਰ ਕੀਤੀ

ਅੱਗ ਵੀ ਉਹੋ
ਜਿਹੜੀ ਮੇਰੇ ਸਾਹਾਂ 'ਚ ਬਲ ਰਹੀ

ਡੁੱਬਦੇ ਸੂਰਜ ਨੂੰ ਪ੍ਰਣਾਮ ਕਰਦਾ
ਪਰਤਦਾਂ

ਨਦੀ ਮੇਰੇ ਜਾਂਦੇ ਦੀ ਪਿੱਠ ਪਹਿਚਾਣਦੀ...

•

## • ਐਨਕ ਤੇ ਲਾਠੀ

ਹੱਥ 'ਚ ਹੱਥ ਫੜੀ ਉਹ ਤੁਰ ਰਹੇ

ਪਤਨੀ ਨੇ
ਲਾਠੀ ਸਹਾਰੇ ਚਲਦੇ ਪਤੀ ਨੂੰ ਪੁੱਛਿਆ—
ਰੂਹ ਜਦੋਂ ਸਰੀਰ 'ਚੋਂ ਨਿਕਲਦੀ
ਤਾਂ ਕਿਸ ਰਸਤਿਓਂ ਨਿਕਲਦੀ

ਪਤੀ ਨੇ ਕੰਬਦੇ ਹੱਥਾਂ ਨਾਲ ਪਤਨੀ ਦੇ ਹੱਥ ਛੂਹੇ
ਢਿਲਕੀ ਚਮੜੀ 'ਚੋਂ
ਊਰਜਾ ਪ੍ਰਵਾਹਿਤ ਹੋਈ

ਅੱਧੀ ਸੜਕ ਹੀ ਕੀਤੀ ਸੀ ਪਾਰ
ਕਿ ਦੌੜ 'ਚ ਮਸਤ ਸ਼ਹਿਰ ਉਪਰ ਆਣ ਚੜ੍ਹਿਆ

ਐਨਕ ਦਾ ਸ਼ੀਸ਼ਾ ਤਿੜਕਿਆ
ਇਕੱਠੇ ਹੰਢਾਏ ਸੱਠ ਸਾਲ
ਰੂਹ ਨੂੰ ਰਸਤਾ ਦੇਣ ਵਿਛ ਗਏ

ਸਿਰਫ਼ ਐਨਕ ਤੇ ਲਾਠੀ ਨੂੰ ਪਤਾ ਸੀ
ਰੂਹ
ਸਰੀਰ ਦੇ ਕਿਹੜੇ ਹਿੱਸੇ 'ਚੋਂ ਨਿਕਲੀ...
•

## • ਸਮੁੰਦਰ ਤੇ ਨਦੀ

ਉਹ ਮੈਨੂੰ
ਪਤਾ ਨਹੀਂ ਕਿਹੜੇ ਸਮੁੰਦਰ ਕੋਲ ਲੈ ਜਾਣਾ ਚਾਹੁੰਦੇ

ਦੱਸਦੇ
ਓਥੇ ਬੇੜੀਆਂ ਉਲਟਦੀਆਂ ਪਲਟਦੀਆਂ
ਤੇ ਪਾਣੀਆਂ ਨੂੰ ਪਤਾ ਵੀ ਨਾ ਲੱਗਦਾ

ਸਿੱਪੀ ਹੋਂਠ ਚੁੰਮਦੀ
ਚੱਟਾਨਾਂ ਅੰਦਰੋਂ ਰਾਗ ਉੱਠਦਾ
ਛਾਤੀ 'ਚ
ਕੋਈ ਆਵਾਜ਼ ਸੰਨ ਲਾਉਂਦੀ

ਮੱਛੀਆਂ ਤੜਫ਼ਦੀਆਂ
ਮਦਹੋਸ਼ੀ 'ਚ ਜਾਲ ਚੁੰਮ ਲੈਂਦੀਆਂ

ਜਲਪਰੀਆਂ
ਲੈ ਜਾਂਦੀਆਂ ਹੇਠਾਂ
ਸਮੁੰਦਰ ਦੀ ਚੁੱਪ ਕੋਲ
ਰਗਾਂ 'ਚ ਤੁਰਦੇ ਲਹੂ ਦੀ ਆਵਾਜ਼ ਆਉਂਦੀ
ਪਾਣੀ ਨਾਲ ਪਾਣੀ ਵੱਜਦਾ
ਚਿਣਗ ਉੱਠਦੀ
ਤੇ ਕਿਨਾਰਿਆਂ ਨੂੰ ਪਤਾ ਵੀ ਨਾ ਲੱਗਦਾ

ਰੇਤ
ਕਹਾਣੀ ਸਮੇਟ ਲੈਂਦੀ
ਸੰਖ ਲੁਕਾ ਲੈਂਦਾ
ਉੱਖੜੇ ਸਾਹਾਂ ਦੀ ਆਵਾਜ਼

ਉਹ ਖਿੱਚਦੇ ਸਮੁੰਦਰ ਵੱਲ

ਤੇ ਕਮਰੇ 'ਚ ਵਗਦੀ ਨਦੀ
ਪਿਆਸੀਆਂ ਨਜ਼ਰਾਂ ਨਾਲ ਮੇਰੇ ਵੱਲ ਤੱਕਦੀ...
•

## • ਕਿੰਨਾ ਕੁਝ ਹੈ

ਨਫ਼ਰਤ ਪਿਆਰ

ਡਰ ਸੰਸੇ ਸਿਮਰਤੀਆਂ

ਹਨੇਰਾ ਪੁਸ਼ਤਾਂ ਦਾ

ਸੰਦੂਕ
ਕੁੰਡਲੀ ਮਾਰ ਬੈਠਾ ਸੱਪ

ਦੋਸਤ ਦਸਤਖ਼ਤ ਗੁਰਾਂ ਦੀ ਕ੍ਰਿਪਾ

ਦੁਸ਼ਮਣ ਇਕ ਸੀਸ਼ੇ 'ਚ

ਈ-ਮੇਲ ਚਿਪ ਫੈਕਸ ਤਾਰਾਂ ਉਲਝੀਆਂ

ਆਵਾਜ਼ਾਂ ਬੇਸ਼ੁਮਾਰ
ਸਮਾਨਾਂਤਰ ਟੁੱਟਦੀਆਂ ਕਾਂਟਾ ਬਦਲਦੀਆਂ

ਸਮੇਂ ਦਾ ਜਾਦੂ...

ਗੁਰਾਂ ਦੀ ਕ੍ਰਿਪਾ

ਧਰਤੀ ਦੀ ਸਲੇਟ
ਅੱਖਰ ਊਟ ਪਟਾਂਗ

ਅਸਮਾਨ    ਅਨੰਤ ਪਾਸਾਰ
ਪੰਛੀ
ਖੰਭ ਟੁੱਟੇ

ਕਿੰਨਾ ਕੁਝ ਹੈ
ਸਮੁੰਦਰ    ਚੱਕਰਵਾਤ    ਡੋਲਦੀ ਬੇੜੀ    ਕਿਨਾਰੇ

ਚੱਪੂ ਨਜ਼ਮਾਂ

ਤੇ ਕਿੰਨਾ ਕੁਝ ਹੈ
ਜੋ ਇਸ ਕਿੰਨੇ ਕੁਝ ਦੇ ਕਾਰਨ ਨਹੀਂ ਹੈ

ਉਸ ਕਿੰਨੇ ਕੁਝ ਨੂੰ ਤਲਾਸ਼ਦਾ ਧੜਕਦਾ
ਜੀਂਦਾ ਹਾਂ

ਛੱਡਦਾ
ਕਿੰਨਾ ਕੁਝ....
•

## • ਸ਼ਿਵ ਮਰ ਰਿਹਾ

ਕਿਥੇ ਹੈਂ ਤੂੰ

ਸਖ਼ਤ ਹੋ ਚੱਲਿਆਂ ਤੇਰਾ ਸਪਰਸ਼ ਉਡੀਕਦਾ
ਮੇਰੇ ਸੁਰ ਤਾਲ ਸਾਜ਼ ਲੈ
ਕਿਥੇ ਗੁੰਮ ਗਈਂ

ਖ਼ੁਦ ਹੀ ਆਪਣੇ
ਖ਼ਾਲੀਪਣ ਨੂੰ ਲਿਪਟਦਾ ਥੱਕ ਗਿਆਂ

ਆ
ਡਮਰੂ ਦੀਆਂ ਢਿੱਲੀਆਂ ਤਣੀਆਂ ਕੱਸ
ਨ੍ਰਿਤ ਕਰ

ਸਿਰਜ ਨਵੇਂ ਸਿਰਿਓਂ

ਖੁੰਢਾ ਤ੍ਰਿਸ਼ੂਲ ਅਗਨੀ 'ਚ ਧਰ
ਕਿ ਧੁੱਪ ਨਾਲ ਚਮਕਦੀਆਂ ਤੇਰੀਆਂ ਬਰਫ਼ੀਲੀਆਂ ਪਹਾੜੀਆਂ 'ਚ
ਕਰਨਾ ਚਾਹੁੰਦਾ
ਤਾਂਡਵ

ਆ
ਛੂਹ
ਕਿ ਸ਼ਿਵ ਮਰ ਰਿਹਾ
•

## • ਅਜੀਬ

ਪੱਥਰ ਅੰਦਰ ਝਾਕਦਾ
ਵਗਦੇ ਝਰਨੇ
ਪਾਣੀ ਦੀਆਂ ਨੱਚਦੀਆਂ ਬੂੰਦਾਂ ਅੰਦਰ ਤੱਕਦਾਂ

ਪੀਲੀ ਪਹਾੜੀ ਮਿੱਟੀ ਨੂੰ
ਪਿਘਲਦੀ ਬਰਫ਼ ਕੀ ਆਖਦੀ

ਤਣੇ ਦੀ ਭੂਰੀ ਖ਼ਾਮੋਸ਼ੀ
ਪੱਤੀਆਂ ਦੇ ਰੰਗ 'ਚ ਇਹ ਕੀ ਜਗਦਾ ਬੁਝਦਾ

ਜੰਗਲ ਦੀ ਰੰਗ-ਸ਼ਾਲਾ 'ਚ
ਕਿਹੜਾ ਨਾਟ ਚੱਲਦਾ

ਡਾਇਰੈਕਟਰ ਕੌਣ

ਮਿੱਟੀ 'ਚੋਂ ਕਿਹੜੀ ਧੁਨ ਉੱਠਦੀ
ਕਿੰਨੇ ਕਮਾਲ ਦਾ ਇਫ਼ੈਕਟ
ਘਣੇ ਰੁੱਖ 'ਚੋਂ ਛਣ ਆਉਂਦੀ ਰੌਸ਼ਨੀ ਦਾ

ਸਦੀਆਂ ਤੋਂ ਸਮਾਧੀ ਬੈਠੇ
ਰਿਸ਼ੀ-ਪਹਾੜਾਂ ਦੇ ਧੁਰ ਅੰਦਰ
ਨਾਦ ਕਿਹੜਾ ਵੱਜਦਾ
ਕਿਹੜੇ ਆਦਿ-ਮਾਨਵ ਦੀ ਚੀਖ
ਰੇਤ ਦੇ ਮਹੀਨ ਕਣ ਅੰਦਰੋਂ ਨਿਕਲਣ ਨੂੰ ਕਰਦੀ

ਧਰਤੀ ਹੇਠਾਂ ਤੁਰਦੀ
ਕੀੜੀ ਦੀ ਚੀਖ਼
ਅਸਮਾਨ 'ਚ ਕਿਸ ਤਾਰੇ ਨਾਲ ਵੱਜਦੀ

ਪਾਣੀ ਪੱਥਰ 'ਚੋਂ ਕਿਹੜੀ ਮੂਰਤ ਸਿਰਜਦਾ
ਕਿਹੜੇ ਯੁੱਗ ਦੀਆਂ ਸਿਮਟੀਆਂ ਆਵਾਜ਼ਾਂ
ਕੱਢਦਾ

ਛੈਣੀ ਇਹ ਪਤਾ ਨਾ ਕਿਥੋਂ ਉੱਠਦੀ
ਵੱਜਦੀ ਸਾਹਾਂ 'ਚ

ਅਜੀਬ ਹਾਂ ਮੈਂ...
•

## • ਯਸ਼ੋਧਰਾ ਕਿਉਂ ਨਹੀਂ ਹੋ ਸਕਦੀ ਬੁੱਧ...

ਮੱਥੇ 'ਤੇ ਉਂਗਲ ਧਰ
ਤੇ ਸਾਰੀ 'ਨੇਰੀ ਖਿੱਚ ਲੈ

ਅਨੰਤ ਆਵਾਜ਼ਾਂ ਇਸ 'ਚ
ਤੇ ਆਪਣੀ ਆਵਾਜ਼ ਲੱਭਦੀ ਬੌਂਦਲ ਗਈ ਹਾਂ

ਮੇਰੇ ਅੰਦਰ ਕਈ ਯੱਗ ਅਧੂਰੇ
ਅੱਗ
ਪਾਗਲ ਹੋ ਹਵਨ-ਕੁੰਡ 'ਚੋਂ ਬਾਹਰ ਦੌੜ ਰਹੀ

ਜੜ੍ਹ ਦੀ ਤਲਾਸ਼ 'ਚ
ਆਪਣੇ ਹੀ ਬੂਟੇ ਪੁੱਟਦੀ ਹਾਂ
ਹਵਾ 'ਚ ਬੀਜ ਖਲੇਰਦੀ ਸਮੇਟਦੀ ਹਾਂ

ਕੱਚ ਸਾਂਭਦੀ
ਆਪਣੇ ਤਿੱਖੇ ਅਕਸ ਦੀ ਨੁੱਕਰ 'ਚ
ਖੁਭ ਗਈ ਹਾਂ

ਅੱਖ 'ਚ ਪਿਛਲੇ ਜਨਮ ਦੇ ਨੀਲ
ਵੇਦ-ਪੁਰਾਣ
ਹਵਾ ਤੇਜ਼
ਵਰਕੇ ਫੜਫੜਾ ਰਹੇ

ਹੇ ਰਿਸ਼ੀ
ਕਰੁਣਾ ਕਰ
ਧਿਆਨ ਧਰ
ਦੱਸ—
ਗਯਾ ਬਿਰਖ਼ ਦਾ ਰਸਤਾ
•

## • ਸਾਊਥੈਂਪਟਨ ਰਹਿੰਦੇ ਸ਼ਾਇਰ ਦੇ ਘਰ

(ਵਰਿੰਦਰ ਪਰਿਹਾਰ ਦੇ ਨਾਂ...)

ਪੌਦਿਆਂ ਨੂੰ ਪਾਣੀ ਦੇਣ ਦੀ ਆਵਾਜ਼ ਨਾਲ
ਘਾਹ ਜਾਗ ਰਿਹਾ

ਬਨੇਰੇ 'ਤੇ ਬੁੱਧ ਪ੍ਰਤਿਮਾ
ਰੈਡ ਵੀਲ੍ਹ ਬੈਰੋ 'ਚ ਖਿੜੇ ਫੁੱਲ ਤੱਕ ਰਹੀ

ਰਸੋਈ 'ਚੋਂ ਉੱਠ ਰਹੀ ਭਾਫ਼

ਲੈਅ 'ਚ ਕੱਪ
ਕੇਤਲੀ
ਸੁਆਣੀ ਦੇ ਹਵਾ 'ਚ ਹਿੱਲਦੇ ਹੱਥ
ਅਦਿਸ ਆਕਾਰ ਘੜਦੇ

ਸੰਜਮ 'ਚ ਪੌੜੀਆਂ
ਚੜ੍ਹਦੇ ਉਤਰਦੇ ਪੈਰਾਂ ਦੀ ਭਾਸ਼ਾ ਪੜ੍ਹ ਰਹੀਆਂ

ਇਥੇ ਕਿਤੇ 'ਕੁਦਰਤ' ਪਈ ਹੈ
ਬਾਹਰ ਧੁੱਪ ਨਾਲ
ਮੈਂ ਤਸਵੀਰ ਖਿਚਾ ਰਿਹਾ

ਰਾਤ ਦੱਬੀ ਦੱਬੀ ਇਕ ਆਵਾਜ਼ ਆਉਂਦੀ
ਚੋਰੀ ਤੱਕਦਾ
ਹੈਰਾਨ ਹੁੰਦਾ

ਪੌੜੀਆਂ 'ਚ ਸਿਲਵੀਆ ਪਲਾਥ ਬੈਠੀ ਹੈ
ਕਵਿਤਾ 'ਚੋਂ
ਸੈਮੀਨਾਰਾਂ ਨੂੰ ਖਾਰਜ ਕਰਦੀ
•

## • ਸਮੁੰਦਰ ਮੌਲਾ

ਕਿੰਨੇ ਪਾਣੀ ਮਿਲ ਰਹੇ ਡੂੰਘੇ ਸਲੇਟੀ ਪਾਣੀ 'ਚ

ਦਿਸ਼ਾਵਾਂ ਅੰਦਰ ਡੋਲਦੇ
ਆਏ ਕਿਥੋਂ ਜਾਲ ਸਮੇਤ
ਦੇਵਿੰਦਰ, ਅੰਬਰੀਸ਼, ਪੰਮੀ, ਪ੍ਰੀਤ, ਬਿਪਨ

ਕਿਹੜੀ ਫੜਫੜਾਹਟ ਛੱਡਣ ਆਏ ਇਹ ਸਮੁੰਦਰ ਕੋਲ

ਭਟਕੇ
ਕਿਤੇ ਰੱਖ ਬੈਠੇ ਨੇ ਆਪਣੀ ਅੱਗ

ਅੰਬਰੀਸ਼ ਬੂੰਦ ਬੂੰਦ ਸਮੁੰਦਰ ਦੀ ਵਾਰਤਕ ਲਿਖਦਾ ਕਹਿੰਦਾ—
ਕਿੰਨੀ ਸਾਫ਼ ਹੈ ਦਿਸਹੱਦੇ ਦੀ ਲਕੀਰ

ਪੰਮੀ
ਆਪਣੇ ਸਮੁੰਦਰ ਵੱਲ ਖੁੱਲ੍ਹਦੀ ਖਿੜਕੀ 'ਚੋਂ ਆਖਦੀ
ਏਸੇ ਲਈ ਕਿ ਹੱਦ ਬੇਹੱਦ ਸਮਝੀ ਜਾਏ

ਅੰਬਰੀਸ਼ ਮੁਸਕਰਾਉਂਦਾ ਸਾਹ ਰੋਕ ਡੂੰਘੇ ਪਾਣੀ ਤੱਕਦਾ
ਇਕ ਪਣਡੁੱਬੀ ਪਾਣੀਆਂ ਨੂੰ ਚੀਰਦੀ ਦੌੜਦੀ

ਦੇਵਿੰਦਰ ਵਾਰ ਵਾਰ
ਉਂਗਲੀਆਂ 'ਚੋਂ ਉਠਦੀਆਂ ਲਹਿਰਾਂ ਤੱਕਦੀ
ਉਹਦੀ ਰੀੜ੍ਹ 'ਚ ਇਕ ਸਮੁੰਦਰ ਰੁਕ ਗਿਆ
ਠਾਠਾਂ ਮਾਰਦੀ ਹੱਸਦੀ ਇਕਦਮ ਉਦਾਸ ਹੋ ਜਾਂਦੀ

ਅਚਾਨਕ
ਸਮੁੰਦਰ-ਚਿੜੀ ਉਹਦੇ ਸਿਰ ਨੂੰ ਛੂੰਹਦੀ ਲੰਘਦੀ
ਇਕ ਮੱਛੀ ਤੜਫ਼ਦੀ
ਪਾਣੀਆਂ 'ਚ ਡੂੰਘੇ ਮੁੜਦੀ

ਬਿਪਨ
ਅੰਗੂਰੀ ਨੀਲਾ ਚਾਂਦੀ ਰੰਗਾ ਕਦੇ ਸਲੇਟੀ
ਭਾਹਾਂ ਬਦਲਦਾ ਸਮੁੰਦਰ ਵੇਖਦੀ
ਦੂਰ ਤਕ ਪਾਣੀ 'ਤੇ ਉੱਡਦੇ ਪੰਛੀ ਦਾ ਪਰਛਾਵਾਂ ਤੱਕਦੀ
ਅਸਮਾਨ ਵੇਖਦੀ
ਚੁੰਝ ਖੋਲ੍ਹਦੀ

ਪੀਹੂ ਪੀਹੂ ਦੀ ਆਵਾਜ਼ ਨਾਲ ਬੱਦਲ ਭਰ ਉੱਠਦੇ

ਬੇਖ਼ਬਰ
ਆਪਣੇ ਰੰਗ ਵਜਦ ਗਹਿਰਾਈ 'ਚ
ਯੁੱਗਾਂ ਯੁੱਗਾਂ ਤੋਂ ਨੱਚਦਾ ਡੋਲਦਾ
ਪਹਿਚਾਣਦਾ
ਲੱਗਦਾ ਮੈਨੂੰ ਇਹ ਸਮੁੰਦਰ
ਮੌਲਾ

•

**(ਯੂ.ਕੇ. ਖਲਨਡਨੋ ਬੀਚ 'ਤੇ)**

## • ਸਮਾਧੀ

ਸੁਣ
ਮੈਨੂੰ ਸਮਾਧੀ ਦਾ ਕੋਈ ਇਲਹਾਮ ਨਹੀਂ
ਭਟਕ ਰਿਹਾਂ
ਬੋਧ-ਬਿਰਖ ਦੀ ਤਲਾਸ਼ 'ਚ
ਹੱਥੋਂ ਪਾਣੀ ਤਿਲਕ
ਪਤਾ ਨਹੀਂ ਕਿਹੜੇ ਸਮੁੰਦਰ 'ਚ ਜਾ ਮਿਲਿਆ

ਮੇਰੇ ਕੋਲੋਂ ਤਾਂ ਮੇਰਾ ਆਪਣਾ ਕਾਸਾ ਵੀ ਗੁੰਮ ਗਿਆ

ਹਾਂ ਕਦੇ ਕਦੇ
ਲਹੂ 'ਚੋਂ ਚੁੱਪ ਉੱਠਦੀ ਹੈ
ਇਕ ਬਿੰਦੂ 'ਤੇ ਘੁੰਮਦੀ ਹੈ ਰੌਸ਼ਨੀ
ਤੇ ਹਨੇਰੇ ਦੇ ਦੰਦਿਆਂ 'ਚ ਫਸ ਚੂਰ ਚੂਰ ਹੋ ਜਾਂਦੀ

ਜਾਂ ਜਦ ਕਦੇ ਤੂੰ
ਸਮਾਧੀ 'ਚ ਬੈਠਣ ਤੋਂ ਪਹਿਲਾਂ
ਚੇਤਨਾ ਦੇ
ਅਨੰਤ ਮੰਡਲਾਂ ਦੀ ਗੱਲ ਕਰਦੀ
ਆਪਣੇ ਨਿੱਜ ਨਾਲ
ਮੇਰਾ ਨਿੱਜ ਢੂੰਹਦੀ

ਚੁੰਮਦੀ
ਬੁੱਲ੍ਹ ਚਮਕਦੇ

ਪਲ-ਛਿਣ ਲੱਗਦਾ
ਇਸ ਚਮਕ ਅੰਦਰ ਹੀ ਪਈ ਕਿਤੇ ਮੇਰੀ
ਸਮਾਧੀ...

•

## • ਮਣੀ

ਉਸ ਹਨੇਰੇ 'ਚ ਉਤਰ ਲੈਣ ਦੇ
ਜਿਥੇ ਆਪਣੇ ਆਪ ਨਾਲ ਤੂੰ ਗੱਲਾਂ ਕਰਦੀ
ਅੰਤ 'ਚੋਂ ਅਨੰਤ ਵੇਖਦੀ
ਬਿਫ਼ਰੀ ਨਦੀ ਚੜ੍ਹਦੀ ਉਤਰਦੀ

ਜਿਥੇ ਝੱਖੜ 'ਚ ਬੰਸਰੀ ਵਜਾਉਂਦੀ
ਓਹਲਿਆਂ 'ਚ ਮੱਚਦੀ
ਆਰ-ਪਾਰ ਦੇਖਦੀ
ਹਿੱਲਦਾ ਬਿੰਦੂ ਤੱਕਦੀ

ਆਪੇ ਚੱਕਰਵਿਊ ਸਿਰਜਦੀ
ਫਸਦੀ
ਆਪੇ ਨਿਕਲਦੀ

ਜਿਥੇ ਨ੍ਰਿਤ 'ਚ ਵਾਵਰੋਲੇ
ਵਾਵਰੋਲਿਆਂ 'ਚ ਨ੍ਰਿਤ

ਇਕ ਚਿਣਗ ਨਾਲ
ਕੇਂਦਰ 'ਚ ਵਿਸਫ਼ੋਟ ਕਰਦੀ
ਕਣ-ਕਣ ਹੁੰਦੀ
ਜੁੜਦੀ

ਉਤਰ ਲੈਣ ਦੇ
ਉਸ ਹਨੇਰੇ 'ਚ
ਜਿਥੇ ਮਣੀ ਚਮਕਦੀ
•

## • ਗੁਰੂ

ਗੁਰੂ ਤੁਰ ਗਿਆ
ਤੇ ਸਲ੍ਹਾਬੀਆਂ ਲੱਕੜਾਂ ਨੇ ਅਜੇ ਤਕ ਅੱਗ ਨਹੀਂ ਫੜੀ

ਕੋਲ਼ਾ ਅਜੇ ਅੱਧ-ਬਲਿਆ

ਬਲਦੀਆਂ ਤਿੜਾਂ
ਧੂੰਆਂ
ਤੇ ਆਵਾਜ਼ਾਂ ਪਤਾ ਨਹੀਂ
ਕਿਹੜੇ ਕਿਹੜੇ ਯੁੱਗ ਦੀਆਂ ਪਿੱਛਾ ਕਰ ਰਹੀਆਂ

ਕੌਣ ਦੱਸੇਗਾ
ਕਦੋਂ ਮਾਰਨੀ ਫੂਕ
ਕਿਵੇਂ ਬੁਝੀ ਬਾਲਣੀ
ਭਬਕਦੀ ਨੂੰ ਕਰਨਾ ਮੱਠਾ
ਕਿੰਨਾ...

ਮੈਂ ਅਧੂਰਾ ਟੁੱਟਾ

ਤੇਰਾ ਦੱਸਿਆ ਅੱਧਾ ਮੰਤਰ
ਅਜੇ ਤਕ ਸਾਹਾਂ 'ਚ

ਦੱਸੇਗਾ ਬਾਕੀ ਅੱਧਾ ਕੌਣ
ਤੇ
ਤੁਰ ਗਿਆ...।
•

## • ਰੂਪ

ਨਹੀਂ ਨਹੀਂ
ਕ੍ਰਿਸ਼ਨ
ਮੈਨੂੰ ਤੇਰਾ ਇਹ ਵਿਰਾਟ ਰੂਪ ਪਸੰਦ ਨਹੀਂ
ਜਿਥੇ ਇਕ ਪਾਸੇ ਜਨਮ
ਦੂਸਰੇ ਮੌਤ ਹੈ

ਵਿਚਕਾਰ ਖ਼ਾਲੀਪਣ

ਨਾ ਕੁਝ ਮਰਦਾ ਨਾ ਜਨਮਦਾ
ਤੇ ਤੂੰ ਬ੍ਰਹਮ ਹੁੰਦਾ

ਸੁਣ...
ਮੈਂ ਬ੍ਰਹਮ ਨਾਲ ਨਹੀਂ
ਉਸ ਕਾਹਨ ਨਾਲ ਮੁਹੱਬਤ ਕੀਤੀ ਹੈ
ਜਿਸਦੀ ਬੰਸਰੀ ਦੀ ਹੂਕ ਸੁਣ
ਮੇਰੀ ਰੂਹ ਉੱਡਣ ਲੱਗਦੀ
ਤੇ ਉਸ ਅਸੀਮ ਪਲ 'ਚ ਠਹਿਰੀ
ਜਨਮ ਮਰਨ ਨਾਲ ਭਰੀ
ਸੂਖ਼ਮ
ਆਪਣੇ ਸਾਹਮਣੇ ਪ੍ਰਗਟ ਹੁੰਦੀ ਹਾਂ

...ਪਰਮਾਨੰਦ...

ਤੂੰ ਮਸਰੂਫ਼ ਹੁੰਦਾ ਏ
ਕਿਸੇ ਹੋਰ ਪਨਘਟ 'ਤੇ ਗੋਪੀਆਂ ਦੇ ਵਸਤਰ ਲੁਕਾਉਂਦਾ
ਰੁਕਮਣੀ ਦਾ ਹਰਣ ਕਰਦਾ
ਯੁੱਧ 'ਚ ਸਾਜਿਸ਼ ਰਚਦਾ

ਮੇਰੇ ਕਾਹਨ
ਸੁਦਰਸ਼ਨ ਚੱਕਰ ਅੰਦਰ ਕਰ
•

## • ...ਤਾੜੀਆਂ...

ਮੈਂ ਤੇਰੀ ਇਕ ਕਲਾਸਿਕੀ ਰਚਨਾ

ਪਤਾ ਸੀ ਤੈਨੂੰ
ਅੰਤ ਇਸ ਤਰ੍ਹਾਂ ਹੋਣਾ ਇਸ ਦਾ...?

ਤੇਰੇ ਨਿਰਦੇਸ਼ਨ 'ਚ
ਮੁਹੱਬਤ ਦੇ ਡਾਇਲਾਗ ਠੀਕ ਬੋਲੇ

ਰਿਹਰਸਲ ਦੌਰਾਨ ਸਿਖ਼ਰ 'ਤੇ ਸੀ ਤੜਪ

ਨਫ਼ਰਤ ਦਾ ਸੀਨ ਤਾਂ ਕਮਾਲ ਦਾ...

ਪਰ ਸਟੇਜ਼ 'ਤੇ ਆਉਂਦਿਆਂ ਹੀ
ਪਾਤਰ ਟੁੱਟ ਕੇ
ਜਾਗਰਿਤ ਹੋ ਗਿਆ 'ਸਵੈ'

ਏਹਨੂੰ ਐਕਟਿੰਗ ਕਿਥੇ ਆਉਂਦੀ...

ਇਹ ਸਟੇਜ਼ ਸੀ
ਧਰਤੀ ਨਹੀਂ
ਫਟਦੀ ਤੇ ਮੈਂ ਸਮਾ ਜਾਂਦੀ

ਪਰਦਾ ਉੱਠਿਆ
ਰੌਸ਼ਨੀ ਦੇ ਗੋਲ-ਕਤਾਰੇ 'ਚ ਚੀਖਦੀ ਦੌੜਦੀ
ਜਾਗਰਿਤ ਹੋਣ ਦਾ ਇਲਜ਼ਾਮ ਲੈ
ਇਕ ਪਾਗਲ ਔਰਤ
ਸਟਰੀਟ ਲਾਈਟ ਨਾਲ ਢੋਅ ਲਾ
ਸਦਾ ਲਈ ਇਕ 'ਗਲੀ' ਹੋ ਗਈ

...ਤਾੜੀਆਂ...

•

## • ਵਰਜਣਾ

ਸ਼ੀਸ਼ੇ 'ਚ ਪਈ ਹਾਂ
ਕਿਵੇਂ ਛੂਹੇਂਗਾ

ਤੋੜ ਸਕਦੈਂ ਸ਼ੀਸ਼ਾ ?
ਫੜ ਸਕਦੈਂ ਮੈਨੂੰ ?

ਸ਼ੀਸ਼ੇ 'ਚ ਪਈ ਹਾਂ
ਛੂਹ ਕੇ ਵਿਖਾ
•

## • ਖੰਭ

ਪਿਛਲੇ ਜਨਮ ਇਥੇ ਹੀ ਕਿਤੇ ਦੱਬਿਆ ਸੀ
ਤੇਰੀ ਮਿੱਟੀ ਕੋਲ

ਯਾਦ ਹੈ !
ਪੱਤਿਆਂ 'ਚੋਂ ਛਣ ਆਉਂਦੀ
ਰੌਸ਼ਨੀ ਵੇਖ ਪਾਗਲ ਹੋ ਗਏ ਸਾਂ
ਮੰਦਰ ਪਿੱਛੋਂ ਉੱਠਦੀ ਬੰਸਰੀ ਦੀ ਆਵਾਜ਼
ਜੰਗਲ ਅੰਦਰ ਗੁੰਮ ਹੋ ਰਹੀ ਸੀ
ਤੇਰੇ ਚਿਹਰੇ ਤੋਂ ਹੁੰਦਾ
ਗੁੰਬਦ ਦਾ ਪਰਛਾਵਾਂ
ਦਰਿਆ ਦੇ ਪਾਣੀਆਂ 'ਚ ਪੈ ਰਿਹਾ ਸੀ

ਤੂੰ ਹਵਾ 'ਚ ਕੁਝ ਅੱਖਰ ਲਿਖੇ
ਮੈਂ ਪੜ੍ਹ ਮੁਸਕਰਾਇਆ ਸਾਂ

ਤੂੰ ਕਿਹਾ ਸੀ—
ਔਹ ਵੇਖ
ਧਰਤੀ ਕੂੰਜ ਉਤਾਰ ਰਹੀ
ਤੇ ਮੈਂ
ਅਸਮਾਨ 'ਚ ਵਲ ਖਾਂਦੇ ਸਰਸਰਾਉਂਦੇ
ਪਰਛਾਵੇਂ ਨੂੰ ਵੇਖ
ਕਿੰਨਾ ਹੈਰਾਨ ਹੋਇਆ ਸਾਂ

ਕਿਹਾ ਸੀ—
ਆਵਾਜ਼ ਨਹੀਂ ਨਿਕਲ ਰਹੀ

ਪੱਥਰ ਹਟਾ
ਪਤਾ ਨਹੀਂ ਕਦੋਂ ਦਾ ਛਾਤੀ 'ਤੇ ਪਿਆ

ਜਨਮ ਬਦਲਦਾ ਹਰ ਵਾਰ
ਇਹ ਵੀ ਰੂਪ ਬਦਲਦਾ
ਆ ਟਿਕਦਾ ਛਾਤੀ 'ਤੇ

ਉਦੋਂ ਤੂੰ ਹੀ ਤਾਂ ਕਿਹਾ ਸੀ—
ਪਿਛਲੇ ਜਨਮ ਦੱਬਿਆ ਜਿਸ ਮਿੱਟੀ ਅੰਦਰ
ਉਸੇ ਖੰਭ ਨਾਲ ਹਿੱਲਣਾ
ਇਹ ਪੱਥਰ

ਦੱਸ
ਕਿਸ ਮਿੱਟੀ ਅੰਦਰ...?
•

## • ਤੇਰੀ ਯਾਦ

ਇਸ ਵਕਤ
ਤਿੱਖੀ ਰੌਸ਼ਨੀ ਦੀ ਮਹੀਨ ਤੰਦ 'ਚੋਂ ਲੰਘਦਾ
ਅਜੀਬ ਨਾਦ ਅੰਦਰ ਝੂਮ ਰਿਹਾਂ

ਨਾਭੀ 'ਚ ਅਗਨ-ਚੱਕਰੀ
ਘੁੰਮ ਰਹੀ
ਤੇ ਆਪਣੀ ਅੱਗ ਦੇ ਪ੍ਰਤਿਬਿੰਬ 'ਚ
ਪ੍ਰਵੇਸ਼ ਕਰ ਰਿਹਾਂ

ਇਕ ਆਵਾਜ਼
ਕੋਨਿਆਂ ਨਾਲ ਟਕਰਾ
ਅੰਤਸ 'ਚ ਗੁੰਮ ਹੋ ਰਹੀ
ਤੇ ਆਪਣੇ
ਹਨੇਰੇ ਅੰਦਰ ਨਸ਼ਿਆਇਆ ਫਿਰ ਰਿਹਾਂ

ਉਧਰ ਅਸਮਾਨ 'ਚ ਸੂਰਜ ਦੀ ਨਿਊਡ-ਪੇਂਟਿੰਗ ਜਲ ਰਹੀ
ਇਧਰ
ਧਰਤੀ ਦਾ ਐਂਟ ਭਖਿਆ ਪਿਆ...
•

## • ਰਚਨਾ

ਖੇਤਾਂ 'ਚ ਨਾੜ ਸੜ ਰਹੀ
ਪਰ੍ਹੇ ਔਰਤਾਂ ਬੀਜ ਕੇਰ ਰਹੀਆਂ

ਕਣਕਾਂ ਦਾ ਸੁਨਹਿਰੀ ਗਲੀਚਾ ਅਜੇ ਵੀ
ਕਿਤੇ ਕਿਤੇ ਵਿਛਿਆ

ਦੁੱਧ ਦੇ ਖ਼ਾਲੀ ਡੋਲੂ
ਕੈਰੀਅਰ 'ਤੇ ਬੰਨ੍ਹੀ ਕਰਤਾਰਾ ਘਰ ਮੁੜ ਰਿਹਾ

ਬਸੰਤ ਕੌਰ
ਚਾਟੀ ਰਿੜਕਦਿਆਂ ਮੁਸਕਰਾ ਕੇ
ਮੁੱਛ ਫੁੱਟਦੇ ਪੁੱਤ ਵੱਲ ਤੱਕ ਰਹੀ

ਭੜੋਲੀ 'ਚ ਅੱਗ ਨੇ ਸੇਕ ਫੜਿਆ
ਅੱਧ-ਜਲੀ ਲੱਕੜ ਬਲ ਕੇ ਹੇਠਾਂ ਡਿੱਗੀ

ਕੰਤੋ ਨੇ ਹੱਥਾਂ 'ਚ ਕੰਧੂਈ ਫੜ
ਪਿੰਜੇ ਰੂੰ ਵੱਲ ਤੱਕਿਆ

ਚੱਕੀ ਚੱਲ ਰਹੀ
ਹਵਾ 'ਚ ਤਾਜ਼ੇ ਆਟੇ ਦੀ ਮਹਿਕ ਫੈਲ ਰਹੀ
ਕੁਝ ਅਣਪਿਸੇ ਦਾਣੇ ਪਟੇ 'ਤੇ ਹਿੱਲ ਰਹੇ

ਨਿਰੰਜਨ ਸਿਉਂ
ਨਵੀਂ ਕਿਸਮ ਦੇ ਬੀਜ ਲੈ ਖੇਤਾਂ ਵੱਲ ਮੁੜਿਆ
ਮਿੱਟੀ ਨਾਲ ਲਿਬੜੀ ਦਾਤਰੀ 'ਤੇ
ਕੁਝ ਬੂਟੇ ਲਮਕ ਰਹੇ

ਚਹੁੰ ਕੂਟੀਂ ਹੋ ਰਹੀ ਰਚਨਾ ਵਿਰਚਨਾ
•

## • ਪਿੱਠ ਪਿੱਛੇ ਖੜ੍ਹੀ ਔਰਤ

ਮੇਰੀ ਪਿੱਠ ਪਿੱਛੇ ਖੜ੍ਹੀ ਹੈ ਉਹ ਔਰਤ

ਜੋ ਸ਼ੀਸ਼ੇ ਨੂੰ ਪਿਆਰ ਕਰਦੀ
ਚਲੇ ਜਾਂਦੀ
ਆਪਣੇ ਅਕਸ ਤੋਂ ਪਾਰ
ਅਜਨਬੀ ਬੱਦਲਾਂ 'ਚ

ਵਰਸਾ ਦੇਣਾ ਚਾਹੁੰਦੀ
ਤਿਪ-ਤਿਪ ਭਰਿਆ ਅਕਸ
ਤਪਦੀ ਕਿਸੇ ਛੱਤ 'ਤੇ

ਜੋ ਸੂਰਜ ਨਾਲ ਇਸ਼ਕ ਕਰਦੀ
ਛੁਪਾ ਰੱਖਦੀ ਅੱਗ ਦੇ ਰਹੱਸ
ਪਲਕਾਂ ਹੇਠ

ਮੈਂ ਉਸ ਔਰਤ ਨੂੰ ਤੱਕਿਆ ਹੈ
ਮਾਂ ਦੀ ਜਵਾਨੀ ਦੀ ਤਸਵੀਰ
ਦਾਦੀ ਦੀਆਂ ਕ੍ਰੋਧੀ ਨਜ਼ਰਾਂ
ਭੈਣ ਦੇ ਕਾਲਜ ਦੇ ਦਿਨਾਂ 'ਚ
ਪੀਰੀਅਡ ਮਿਸ ਕਰਦਿਆਂ
ਪਤਨੀ ਦੀ ਉਮੰਗ
ਕਜ਼ਨ ਦੇ ਸ਼ਰਾਰਤੀ ਬੁੱਲ੍ਹਾਂ
ਕੱਪੜੇ ਸੁਕਾਉਂਦੀ ਗੁਆਂਢਣ ਦੀ ਚੂੰਢੀ ਸੁੱਟ
ਤੇਜ਼ ਹਵਾ 'ਚ ਲਹਿਰਾਉਂਦੀ ਚੁੰਨੀ ਅੰਦਰ

ਮੈਂ ਉਸ ਨੂੰ ਕਵਿਤਾ 'ਚ ਲਿਖਦਾ ਹਾਂ
ਪਰ ਔਰਤਾਂ ਕਾਗ਼ਜ਼ਾਂ 'ਤੇ ਕਦੋਂ ਲਿਖੀਆਂ ਜਾਂਦੀਆਂ ਨੇ
ਉਹ ਤਾਂ ਸ਼ਬਦਾਂ 'ਚੋਂ ਨਿਕਲ
ਬੰਦੇ ਦੇ ਤਾਪ ਅੰਦਰ ਢਲ ਜਾਣਾ ਚਾਹੁੰਦੀਆਂ

ਪਿਘਲਦਾ ਸੋਨਾ ਪਲਟਾ ਦੇਣਾ ਚਾਹੁੰਦੀਆਂ
ਪੱਥਰ ਦੀ ਕੌਲੀ 'ਚ

ਮੈਂ ਵਰਨ ਵਰਨ ਕਰਦੀ ਉਸ ਔਰਤ ਨੂੰ ਜਾਣਦਾ ਹਾਂ
ਜੋ ਸਦੀਆਂ ਤੋਂ ਮੇਰੀ
ਪਿੱਠ ਪਿੱਛੇ ਖੜ੍ਹੀ ਹੈ
ਜਾਂ ਮੈਂ ਹੀ ਵਰਨ ਵਰਨ ਕਰਦਾ ਖੜ੍ਹਾ ਹਾਂ
ਉਹਦੀ ਪਿੱਠ ਪਿੱਛੇ
ਲੱਭਦਾ ਉਸ ਨੂੰ...
•

## • ਕਿਥੇ ਹੈ ਕਵਿਤਾ

ਝਰਨੇ ਦੇ ਨਾਲ-ਨਾਲ ਤੁਰਦਿਆਂ
ਪੁੱਛਿਆ ਉਸਨੂੰ—
ਕਿਥੇ ਹੈ ਕਵਿਤਾ...

ਕਹਿਣ ਲੱਗੀ—
ਇਥੇ
ਉਥੇ
ਤੇ ਉਸ ਕਾਲੀ ਪਹਾੜੀ 'ਤੇ
ਬਰਫ਼ ਝੀਲ ਅੰਦਰ

ਤੁਰ ਪਏ
ਪੱਥਰਾਂ 'ਤੇ ਘੋੜਾ ਤੁਰਦਾ
ਪੌੜਾਂ 'ਚੋਂ ਚੰਗਿਆੜੇ ਨਿਕਲਦੇ
ਕਹਿੰਦੀ
ਔਹ ਵੇਖ...ਕਵਿਤਾ

ਚੱਟਾਨ ਅੰਦਰ ਫੁੱਲ ਖਿੜਿਆ ਦਿਸਦਾ
ਹੱਸਦੀ
...ਔਹ...

ਤੁਰਦਿਆਂ ਸਾਹ ਉਖੜਦਾ
ਰੁਕਦਾ
ਜੰਗਲ ਵੱਲ ਝਾਕਦਾ
ਅੱਖ ਝਪਕਣ 'ਚ ਹਿਰਨ ਇਕ ਤੇਜ਼ੀ ਨਾਲ
ਰੁੱਖਾਂ 'ਚੋਂ ਲੰਘਦਾ
ਹੱਸਦੀ ਫੇਰ
...ਔਹ ਵੇਖ...ਇਹੋ

ਅਸਮਾਨ 'ਚ ਉੱਡ ਰਹੀਆਂ ਚੀਲਾਂ ਦੇ
ਪੰਜਿਆਂ ਅੰਦਰ
ਮਰੇ ਪਸ਼ੂ ਦੀਆਂ ਖੁੱਲ੍ਹੀਆਂ ਅੱਖਾਂ 'ਚ ਪੈਂਦੀ
ਧੁੱਪ ਅੰਦਰ...

ਪਹੁੰਚੇ ਜਦ ਕਾਲੀ ਪਹਾੜੀ
ਫੇਰ ਪੁੱਛਿਆ—
ਕਿਥੇ ਹੈ ਕਵਿਤਾ...

ਹੇਠਾਂ ਇਸ਼ਾਰਾ ਕਰ ਕਹਿੰਦੀ—
ਔਹ ਵੇਖ
ਪਿਘਲ ਕੇ ਵਹਿ ਰਹੀ ਝੀਲ 'ਚ
•

## • ਨਿਰਵਾਣ

ਪਲਕਾਂ ਤੋਂ ਜਲ-ਕਣ ਚੁੰਮਦੀ ਬੋਲੀ—
ਪਤਾ ਸੀ
ਆਏਂਗਾ
ਇਕ ਦਿਨ ਉੱਤਰ ਦਿਸ਼ਾ ਤੋਂ
ਪੌਣ ਜਿਧਰੋਂ ਬੱਦਲ ਲੈ ਕੇ ਆਉਂਦੀ

ਪਿਆਰ ਨਾਲ ਉਹਦੀ ਕਮਰ ਟੋਂਹਦਾ

ਦੱਖਣ ਦਿਸ਼ਾ ਦੀਆਂ
ਅਜੰਤਾ ਅਲੋਰਾ
ਰਤੀ ਕਾਮਦੇਵ ਦੇ ਮੰਦਰ
ਖਜੁਰਾਹੋ
ਤੇ ਝੀਲ 'ਚ ਡੁੱਬਦੇ ਚੰਦਰਮਾ ਦੀ ਗੱਲ ਛੇੜਦਾ

ਟਾਲਦੀ ਪੁੱਛਦੀ
ਉੱਤਰ ਦਿਸ਼ਾ ਵੱਲ ਤਾਂ
ਦਰਿਆ ਨੇ
ਪਹਾੜ ਜੰਗਲ
ਰਿਸ਼ੀ
ਤਪੱਸਿਆ
ਧਿਆਨ

ਇਸ ਤਰਫ਼ ਕੀ ਕਰਨ ਆਇਆ...?

ਕਮਰ ਟੋਂਹਦਾ ਕਹਿੰਦਾ—
ਨਿਰਵਾਣ ਲੱਭਣ
•

## • ਮੂਰਤ

ਸੂਰਜ ਢਲ ਰਿਹਾ
ਉਹ ਆਪਣੀ ਤਪਸ਼ ਨਾਲ ਕੱਚ ਪਿਘਲਾ ਰਹੀ

ਬਣਾ ਰਹੀ
ਮੂਰਤ
ਕੱਚ 'ਚ ਰੰਗ ਆਪਣੇ ਮਿਲਾ

ਨ੍ਰਿਤ ਕਰਦੀ ਦੀਆਂ
ਸਿਰਜ ਰਹੀ ਮੁਦਰਾਵਾਂ...!

ਜਾਂ ਫਿਰ
ਦੁਆ ਕਰ ਰਹੀ
ਹੱਥ ਅਸਮਾਨ ਵੱਲ ਫੈਲਾ ?

ਸ਼ਾਇਦ ਬੋਲ ਹੀ ਪਏ
ਉਸਦੀ ਮੂਰਤ

ਲਿਪਟਦੀ
ਸਾਹ ਭਰਦੀ

ਤੇ ਫਰਸ਼ ਕੰਕਰੀਟ
ਕਦੋਂ ਦਾ ਸਮੇਟਣ ਨੂੰ ਤਿਆਰ
ਮੂਰਤੀ ਦੇ
ਕਰਿਸਟਲ ਕਲੀਅਰ ਕਣ
•

## • ਜਲਪਰੀ ਤੇ ਸਮੁੰਦਰ

ਉਹ ਜਦ ਵੀ ਆਉਂਦੀ
ਆਪਣੇ ਪਰਾਂ ਅੰਦਰ ਸੁੱਤਾ ਸਮੁੰਦਰ ਵਿਖਾਉਂਦੀ

ਪੱਥਰ ਗੀਟੇ ਪਰ੍ਹਾਂ ਕਰ
ਹਨੇਰੇ 'ਚੋਂ ਖੰਭ ਲੱਭਦੀ
ਕਹਿੰਦੀ—
ਭੁੱਲ ਗਿਆ ਇਸ ਨੂੰ
ਕਿਹੜੇ ਜਨਮ ਦਾ ਪਿਆ ਇਥੇ
ਇਸੇ ਨਾਲ ਲਿਖਣੀ ਤੂੰ
ਜਲਪਰੀ ਤੇ ਸਮੁੰਦਰ ਦੀ ਕਹਾਣੀ

ਜਾਂਦੀ ਤਾਂ
ਪੂਰਾ ਬੂਹਾ ਕਦੇ ਨਾ ਢੋਂਦੀ
ਝੀਥ ਛੱਡ ਜਾਂਦੀ
ਡੁੱਬਦੇ ਸੂਰਜ ਦੀਆਂ ਕਿਰਨਾਂ
ਟੇਢੀਆਂ ਮੇਢੀਆਂ ਵਲ਼ ਖਾਂਦੀਆਂ
ਰੰਗਦਾਰ ਸ਼ੀਸ਼ੇ 'ਤੇ ਪੈਂਦੀਆਂ
ਸ਼ੀਸ਼ੇ 'ਚੋਂ ਖੰਭ ਇਕ ਡਿੱਗਦਾ
ਧੁੰਦਲਾ ਅਕਸ ਬਣਦਾ

ਜਾਂਦੀ ਵੇਰ ਜਲਪਰੀ ਸਮੁੰਦਰ ਨਾਲ ਲੈ ਜਾਂਦੀ...
•

## • ਬੱਦਲ ਤੇ ਕੁੜੀ

ਵਾਲ ਖੋਲ੍ਹ ਦਿੱਤੇ ਉਸ ਕੁੜੀ ਨੇ
ਤੇ ਆਕਾਸ਼ 'ਚ
ਆਵਾਰਾ ਬੱਦਲ

ਫੜਦੀ
ਮਗਰ ਦੌੜਦੀ

ਮਾਂ ਡਰਦੀ ਵਾਜ ਮਾਰਦੀ
ਪੈਰ ਟਿਕਾ ਕੇ
ਰਾਤ ਹੀ ਬਾਰਿਸ਼ ਹੋਈ...ਪੱਥਰ ਅਜੇ ਗਿੱਲੇ

ਕੁੜੀ
ਵਲ ਖਾਂਦੀਆਂ ਸੜਕਾਂ ਤੱਕਦੀ

ਧੁੰਦ ਅੰਦਰ ਉਸਨੂੰ
ਬੱਦਲਾਂ 'ਚੋਂ
ਆਕ੍ਰਿਤੀਆਂ ਦਿਸਦੀਆਂ

ਬਿਜਲੀ ਲਿਸ਼ਕਦੀ

ਉਸ ਨੂੰ ਲੱਗਦਾ
ਦੂਰ ਕਿਤੇ ਉਸਦਾ ਇਕ ਬੱਦਲ ਘੁੰਮ ਰਿਹਾ
ਤੇ ਉਹ ਢਲਾਨਾਂ 'ਤੇ ਤਿਲਕਦੀ

ਫੜਿਆ ਨਾ ਜਾਂਦਾ
ਤੇ ਮਾਂ ਵਾਜਾਂ ਮਾਰਦੀ...

•

## • ਬਰਫ਼ ਹੋਈ ਕੁੜੀ

ਧੁਰ ਅੰਦਰ ਤਕ ਯਖ਼ ਹਾਂ

ਮੇਰੇ ਉਤਰੀ ਧਰੁਵ 'ਤੇ ਸੁੰਨ
ਦੱਖਣੀ 'ਤੇ ਗਾੜ੍ਹੀ ਧੁੰਦ
ਤੇ ਮੈਂ
ਆਪਣੀ ਧਰਤੀ ਨੂੰ ਵੰਡਦੀ
ਕਰਕ ਰੇਖਾ ਨੂੰ ਵਿਚਕਾਰੋਂ ਤੱਕ ਰਹੀਂ

ਤੱਕ ਰਹੀਂ ਸ਼ੀਸ਼ੇ 'ਚੋਂ
ਲਟਕਦੀ ਨੋਕੀਲੀ ਬਰਫ਼
ਤੇ ਬਰਫ਼ 'ਤੇ ਚਿਪਕੇ
ਮੋਏ ਪਰਿੰਦਿਆਂ ਦੇ ਖੰਭ

ਜ਼ੀਰੋ ਤੋਂ ਮਨਫ਼ੀ ਤੱਕ ਡਿੱਗਦੀ
ਚੁੱਪ
ਯਖ਼ ਹੋ ਗਈ ਹਾਂ

ਪਰ ਯਾਦ ਆਉਂਦੀ ਹੈ ਕਦੇ ਕਦੇ
ਸ਼ੀਸ਼ਾ-ਬਰਫ਼ 'ਤੇ
ਇਕ ਚਾਨਣੀ ਰਾਤ 'ਚ
ਉਸ ਅੱਲ੍ਹੜ ਮੁੰਡੇ ਨਾਲ ਕੀਤੀ
ਸਕੀਇੰਗ...
•

## • ਸੰਵੇਦਨਹੀਣ

’ਨ੍ਹੇਰੀ ਘੁੰਮਣਘੇਰੀ
ਉਹ ਪਾਗਲਪਣ ਮੁੱਕ ਹੀ ਗਿਆ
ਬਾਵਰਾ ਹੋ ਜਿਸ ’ਚ ਦੌੜਦਾ ਸਾਂ

ਨਫ਼ਰਤ ਹੀ ਨਹੀਂ ਹੁੰਦੀ ਹੁਣ ਉਨ੍ਹਾਂ ਨਾਲ
ਤਿੱਖੇ ਕੋਨਿਆਂ ਤੋਂ ਬਚਦੇ ਜੋ
ਗੋਲਾਈਆਂ ’ਚ ਮਸਰੂਫ਼ ਰਹਿੰਦੇ
ਸਮੁੰਦਰ ਦੀ ਗਰਜਨਾ ਤੋਂ ਡਰਦੇ
ਕਿਸ਼ਤੀ ਦੀ ਤਸਵੀਰ ਡਰਾਇੰਗ ਰੂਮ ’ਚ ਲਟਕਾ ਛੱਡਦੇ

ਭੁੱਲ ਹੀ ਗਿਆ ਹਾਂ
ਪੁੱਠਾ ਲਟਕ ਕੇ ਧਰਤੀ ਵੇਖਣਾ

ਸੁੱਕੀਆਂ ਛਾਤੀਆਂ ’ਤੇ ਵਿਲਕਦੇ ਬੱਚੇ ਦੇ ਕੈਪਸ਼ਨ ਕੰਟੈਸਟ ਦਾ
ਟਾਈਟਲ ਢੂੰਡ ਰਿਹਾਂ

ਇਹ ਕੌਣ ਨੇ
ਤ੍ਰਾਸਦਿਕ ਸਥਿਤੀ ਦੀ ਸਰਲ ਵਿਆਖਿਆ ਕਰਦੇ...?

ਹਾਂ ਹਾਂ ਮੈਨੂੰ ਯਾਦ ਹੈ
ਮੇਰੇ ’ਚ ਲਹੂ ਵਗਦਾ

ਮੈਂ ਆਪਣੇ ਆਪ ’ਤੇ ਸੈਂਟ ਜ਼ਿਆਦਾ ਛਿਣਕ ਲਿਆ...?

ਬਦਬੂ ਹੀ ਨਹੀਂ ਆਉਂਦੀ
ਕਈ ਦਿਨਾਂ ਤੋਂ ਟੀ.ਵੀ. ਸਕਰੀਨ ’ਤੇ ਲਹੂ ਡੁੱਲ੍ਹਿਆ ਹੋਇਆ

ਅਜੀਬ ਚੁੱਪ ਦਾ ਸ਼ਿਕਾਰ
ਅੱਜ ਕੱਲ੍ਹ
ਇਕ ਖੰਭ ਨਾਲ
ਆਪਣਾ ਜ਼ਖ਼ਮ ਪਲੋਸ ਰਿਹਾਂ...

•

## • ਕੁੜੀ ਤੇ ਬਾਬਾ

ਹਰੇ ਘਾਹ ਤੋਂ ਪੀਲੇ ਪੱਤੇ ਇਕੱਠੇ ਕਰਦੇ ਬਾਬੇ ਨੂੰ
ਉਸ ਪੁੱਛਿਆ—
ਬਾਬਾ ! ਇਥੇ ਪਹਾੜਾਂ 'ਚ ਬਰਫ਼ ਕਦੋਂ ਪੈਂਦੀ ?

ਬਾਬੇ ਨੇ ਕੁੜੀ ਦੀਆਂ ਨੀਲੀਆਂ ਅੱਖਾਂ 'ਚ
ਝਾਕਦਿਆਂ ਕਿਹਾ—
ਕੁੜੀਏ !
ਬਰਫ਼ ਤਾਂ ਦੂਰ ਪਹਾੜਾਂ ਪਿੱਛੇ ਪੈ ਰਹੀ
ਤੈਨੂੰ ਦਿਸਦੀ ਨਹੀਂ...

ਕੁੜੀ ਨੇ ਪਹਾੜਾਂ ਵੱਲ ਤੱਕਦਿਆਂ ਹੈਰਾਨ ਹੋ ਫੇਰ ਪੁੱਛਿਆ—
ਬਾਬਾ
ਇਹ ਬੱਦਲ ਕਿਥੇ ਬਣਦੇ ਤੇ ਵਰ੍ਹਦੇ ਕਦੋਂ...?

ਬਾਬੇ ਨੇ ਫੇਰ
ਅੱਖਾਂ 'ਚ ਝਾਕਦਿਆਂ ਕਿਹਾ—
ਦੂਰ ਪਹਾੜੀ ਪਿੱਛੇ
ਤੈਨੂੰ ਦਿਸਦੇ ਨਹੀਂ...

ਸਭ ਕੁਝ ਪਹਾੜੀ ਪਿੱਛੇ
ਹੱਸ ਕੇ ਕੁੜੀ ਪਹਾੜੀ ਓਹਲੇ ਓਝਲ ਹੋ ਗਈ

ਖ਼ੁਸ਼ੀ 'ਚ ਝੂਮਦੇ ਬਾਬੇ ਨੇ
ਪੀਲੇ ਪੱਤਿਆਂ ਦੀ ਪੰਡ ਫੇਰ ਹਰੇ ਘਾਹ 'ਤੇ ਖੋਲ੍ਹ ਦਿੱਤੀ...
•

## • ਕੈਮਰਾ

ਤੂੰ ਹਰ ਵਕਤ ਇਕੋ ਪੋਜ਼ 'ਚ ਮੇਰੀ ਤਸਵੀਰ ਕਿਉਂ ਖਿੱਚਦਾ...?

ਮੈਂ
ਮੁਸਕਰਾਉਂਦਿਆਂ ਵੀ ਉਦਾਸ ਪੋਜ਼ ਦੇ ਸਕਦੀ ਹਾਂ
ਉਦਾਸ ਹੁੰਦਿਆਂ
ਮੁਸਕਰਾ ਵੀ ਸਕਦੀ ਹਾਂ

ਤੰਗ ਆ ਚੁੱਕੀ ਹਾਂ ਇਸ ਸਿਟਿੰਗ ਪੋਜ਼ ਤੋਂ

ਕਦੇ ਨ੍ਰਿਤ ਕਰ ਰਹੀ ਹੋਵਾਂ
ਤਾਂ ਕਲਿਕ ਮਾਰ
ਤੇ ਵੇਖ
ਮੇਰੇ ਰੰਗ
ਐਂਗਲ ਅੰਦਾਜ਼
ਕਰਵ
ਕਟ
ਫਿਗਰ ਅੰਦਰ ਫਿਗਰ

ਕੈਸਾ ਕੈਮਰਾ ਹੈ ਤੇਰੇ ਕੋਲ...?

•

## • ਸ਼ਕੁੰਤਲਾ ਲੌਂਗ ਡਰਾਈਵ 'ਤੇ ਜਾਣਾ ਚਾਹੁੰਦੀ

ਸ਼ਕੁੰਤਲਾ ਏਨੀ ਤੇਜ਼ ਚਲਾਉਣਾ ਚਾਹੁੰਦੀ ਕਾਰ
ਕਿ ਮਨ ਰਹਿ ਜਾਏ ਬਹੁਤ ਪਿੱਛੇ
ਦਿਸੇ ਨਾ ਬੈਕ ਮਿਰਰ 'ਚੋਂ
ਡੋਲੇ ਨਾ ਸਪੀਡ ਬਰੇਕਰ ਤੋਂ

ਉਸਨੂੰ ਰਫ਼ਤਾਰ ਨਾਲ ਮੁਹੱਬਤ ਹੈ
ਪਰ ਉਸਨੇ ਆਪਣੀ ਰਫ਼ਤਾਰ
ਇਕ ਆਲ੍ਹਣੇ 'ਚ ਸੁਰੱਖਿਅਤ ਰੱਖ ਦਿੱਤੀ ਹੈ

ਪਤੀ ਦੀ ਕਾਰ ਦਾ ਸ਼ੀਸ਼ਾ ਰੋਜ਼ ਚੁੰਨੀ ਨਾਲ ਸਾਫ਼ ਕਰਦੀ
ਬੇਟੇ ਦੀ ਖਿਡੌਣੇ ਵਾਲੀ ਕਾਰ ਨੂੰ
ਵਾਰ ਵਾਰ ਚਾਬੀ ਦੇਂਦੀ
ਕਾਰ ਨੂੰ ਪੁੱਠਾ ਕਰ
ਅੰਗੂਠੇ ਨਾਲ ਤਿੱਖੀ ਗਰਾਰੀ ਤੇਜ਼ ਤੇਜ਼ ਘੁੰਮਾਉਂਦੀ
ਕਾਰ ਵਾਰ-ਵਾਰ ਪੈਰਾਂ 'ਚ ਆ ਡਿੱਗਦੀ
ਉਸਨੂੰ ਪੈਰਾਂ 'ਚੋਂ
ਜੰਗਾਲੀਆਂ ਗਰਾਰੀਆਂ ਦੇ ਘੁੰਮਣ ਦੀ ਆਵਾਜ਼ ਆਉਂਦੀ

ਰਫ਼ਤਾਰ ਆਲ੍ਹਣੇ 'ਚੋਂ ਡਿੱਗਦੀ

ਸ਼ਕੁੰਤਲਾ ਰਫ਼ਤਾਰ ਚੁੱਕਦੀ
ਗੇਅਰ ਬਦਲਦੀ
ਤੇ ਆਪਣੀ ਮੁੰਦਰੀ ਦੂਰ ਖ਼ਲਾਅ 'ਚ
ਸੁੱਟ ਆਉਣਾ ਚਾਹੁੰਦੀ

ਸ਼ਕੁੰਤਲਾ ਲੌਂਗ ਡਰਾਈਵ ਲਈ ਅਸਮਾਨ ਵੱਲ ਤੱਕਦੀ
•

## • ਬੌਂਬੇ ਵਾਲੀ ਕਜ਼ਨ

ਜਦ ਵੀ ਅੰਬਰਸਰ ਆਉਂਦੀ
ਉਹਦੀਆਂ ਛਾਤੀਆਂ 'ਚ ਸਮੁੰਦਰ ਹਿਲੋਰੇ ਖਾਂਦਾ

ਬੁਆਏ-ਕਟ
ਚੁਸਤ ਜੀਨ
ਡਾਲਫਿਨ ਜਹੀ
ਜੀਨ ਦੀ ਟਾਈਟ ਪਾਕਟ 'ਚ
ਸਮੁੰਦਰ ਦਾ ਐਡਰੈੱਸ

ਬਦਾਮੀ ਟੀ-ਸ਼ਰਟ 'ਤੇ ਸੁਪਰਮੈਨ

ਉਡਾਰੀ ਲਈ ਛਟਪਟਾਉਂਦਾ
ਪਰ ਗੁੰਮ ਜਾਂਦੀ ਮੇਰੀ ਸ਼ਕਤੀ

ਕਸ਼ ਲੈ ਸਿਖ਼ਰ ਨੱਚਦੀ
ਮੇਰਾ ਹੱਥ ਆਪਣੀ ਕਮਰ 'ਚ ਪਾਉਂਦੀ
ਸੂਫ਼ੀ ਇਕ ਧੁਨ ਛੇੜਦੀ

ਮੈਂ ਝਕਦਾ ਹੱਥ ਪਿਛਾਂਹ ਕਰਦਾ
ਹੱਸਦੀ—
ਕਿੰਨੇ ਡਰ ਨੇ ਤੇਰੇ ਲਹੂ 'ਚ

ਕਹਿੰਦਾ—
ਡਰ ਤਾਂ ਹਰ ਲਹੂ 'ਚ ਹੁੰਦੈ
ਤੇਰੇ ਕਿਥੇ...ਕਿਹੜੇ

ਕਾਹਲੀ 'ਚ ਬੀਟ ਤੇਜ਼ ਕਰਦੀ
ਡੂੰਘਾ ਕਸ਼ ਲੈਂਦੀ
ਨਵੀਂ ਧੁਨ ਲਾਉਂਦੀ

ਸਟੈੱਪ ਬਦਲਦੀ

ਇਕਦਮ ਉਹਦਾ ਮੋਬਾਇਲ ਵੱਜਦਾ

ਸਟੈੱਪ ਟੁੱਟਦਾ
ਧੁਨ ਬਦਲਦੀ
ਰਾਖ ਝੜਦੀ

ਕਹਿੰਦੀ—ਬੌਂਬੇ ਤੋਂ...

ਡਿਮ ਰੌਸ਼ਨੀ 'ਚ ਨੱਚਦਾ ਤੱਕਦਾ
ਉਹਦੀਆਂ ਛਾਤੀਆਂ 'ਚ ਹਿਲੋਰੇ ਖਾਂਦਾ ਸਮੁੰਦਰ
ਤੇ ਸਮੁੰਦਰ 'ਚੋਂ ਝਾਕਦੀ
ਸ਼ਾਰਕ
•

## • ਮੁਰਲੀ ਉਸ ਦਾ ਨਹੀਂ...

ਮੁਰਲੀ ਉਸ ਦਾ ਨਹੀਂ...ਤਾਂ ਕੀ
ਉਸਨੂੰ ਤਾਂ ਸਮੁੰਦਰ 'ਚੋਂ ਬੰਸਰੀ ਦੀ ਆਵਾਜ਼ ਆਉਂਦੀ

ਪਨਘਟ ਤੋਂ ਸਮੁੰਦਰ ਵੱਲ ਤੁਰਦੀ
ਆਪਣੇ ਅੰਦਰੋਂ ਇਕ ਵੈਰਾਗਣ ਦੀ ਆਵਾਜ਼ ਸੁਣਦੀ

ਡੂੰਘੀ ਰਾਤ ਇਕੱਲੀ
ਮੈਰਿਨ ਡਰਾਈਵ 'ਤੇ ਸੈਰ ਕਰਦਿਆਂ
ਸਿਗਰਟ ਦੇ ਛੱਲਿਆਂ ਅੰਦਰ ਬਣਦੀਆਂ ਗਲੈਕਸੀਆਂ
ਚੁੱਪ ਅੰਦਰ ਟੁੱਟਦੇ ਸਿਤਾਰੇ ਤੱਕਦੀ
ਕਹਿੰਦੀ—

"ਮੇਰੇ ਸੁਲਗਣ ਨੂੰ ਮੁਰਲੀ ਸੁਣ ਨਹੀਂ ਸਕਦਾ
ਉਂਞ
ਸਮੁੰਦਰ ਵੀ ਮੇਰੀ ਅੰਤਿਮ ਪ੍ਰਾਥਨਾ ਨਹੀਂ ਹੈ
ਜਦੋਂ ਟੁੱਟਦੀ ਹਾਂ
ਅੰਤ ਨੂੰ ਜੋੜ ਦਿੰਦੀ ਹਾਂ ਸੰਪੂਰਨ ਅੰਤ 'ਚ

ਫੇਰ ਨਾ ਫਿਸਲਵੇਂ ਪਨਘਟ ਦਾ ਡਰ ਹੁੰਦਾ
ਨਾ ਰੁੱਖ 'ਤੇ ਟੰਗੇ ਵਸਤਰਾਂ ਦਾ
ਨਾ ਪਾਣੀ 'ਚ ਪੈਂਦੇ ਨਗਨ-ਪਰਛਾਵੇਂ ਦਾ
ਨਾ ਰੁੜ੍ਹਦੇ ਗੁੰਥਾਂ ਦਾ"

ਮੁਰਲੀ ਤੈਨੂੰ ਪਤਾ ਨਹੀਂ
ਬੰਸਰੀ
ਕਦੇ ਕਦੇ ਗੋਪੀ ਦੇ ਹੱਥ 'ਚ ਵੀ ਹੁੰਦੀ ਹੈ...
•

## • ਮਲਾਹ

ਆਖਦੀ—
ਇਸ ਤਰ੍ਹਾਂ ਪਾਰ ਕਰੀਦੀ ਨਦੀ ?
ਪੈਰ ਇਸ ਤਰ੍ਹਾਂ ਪਾਈਦਾ ?
ਏਨਾ ਖੜਾਕ...!

ਘੁੰਮਣਘੇਰੀ 'ਚ ਇੰਝ ਫਸਣਾ
ਹਲਕੀ ਛਾਲ
ਤੇ ਜਿਸਮ ਢਿੱਲਾ

ਡੂੰਘਾਣ
ਪਾਣੀ ਜਿਥੇ ਰੰਗ ਬਦਲਦਾ

ਪਤਾ ਵੀ ਹੈ
ਪਾਣੀਆਂ ਦੀ ਕਿਸ ਰਗੜ ਨਾਲ
ਅੱਗ ਕਦੋਂ ਮੱਚਦੀ

ਕਿਸ ਤਰ੍ਹਾਂ ਦਾ ਮਲਾਹ ਏਂ...?

ਕਾਲਰ ਤੋਂ ਖਿੱਚਦਿਆਂ
ਕਹਿੰਦੀ—
ਆਂ ਦੱਸਾਂ

ਨਦੀ ਕਿਸ ਤਰ੍ਹਾਂ ਪਾਰ ਕਰੀਦੀ...
•

## • ਤੀਲੀ

ਤੀਲੀ ਜਲਾ
ਚੱਲ ਜਾਦੂ ਕਰੀਏ

ਬਿਜਲੀ ਫੜੀਏ

ਵੇਖੀਏ
ਵਜਦ 'ਚ ਪਾਣੀ ਕਿੱਦਾਂ ਹਿੱਲਦੇ
ਵਜੂਦ ਕਿੱਦਾਂ ਬਣਦੇ ਪਤਵਾਰ
ਮੱਛੀ ਜਾਲ ਕਿਵੇਂ ਚੁੰਮਦੀ

ਤੂਫ਼ਾਨ ਅੰਦਰ ਪਾਣੀ ਰੰਗ ਕਿਵੇਂ ਬਦਲਦਾ

ਘੁੰਮਣਘੇਰੀਆਂ 'ਚ
ਰੌਸ਼ਨੀਆਂ ਕਿਵੇਂ ਫੈਲਦੀਆਂ

ਚੱਟਾਨਾਂ ਕਿਵੇਂ
ਚੁੱਪਚਾਪ ਖੁਰਦੀਆਂ

ਆਵਾਜ਼ ਕਿਵੇਂ ਤੈਰਦੀ ਆਵਾਜ਼ ਅੰਦਰ

ਚੱਲ ਜਾਦੂ ਕਰੀਏ
ਤੀਲੀ ਬੁਝਾ

•

## • ਗੋਪੀ

ਆਖਿਆ—
ਕਿੰਨਾ ਚੰਗਾ
ਰਾਧਾ ਤੇ ਰੁਕਮਣੀ ਇਕੋ ਦੇਹ 'ਚ ਆ ਗਈਆਂ
ਇਸ ਜਨਮ

ਹੱਥਾਂ 'ਚ ਗੁਲੇਲ ਤੱਕ
ਮੁਸਕਰਾਉਂਦੀ ਕਹਿਣ ਲੱਗੀ—

ਰਾਧਾ
ਰੁਕਮਣੀ ਨਹੀਂ
ਨਿੱਤ ਨਵੀਂ ਗੋਪੀ ਹਾਂ
ਤੇਰੇ ਪਨਘਟ 'ਤੇ

ਮਟਕੀ ਇੰਝ ਹੀ ਭੰਨ...

•

## • ਸਵੈਟਰ

ਮਾਂ
ਮੇਰਾ ਸਵੈਟਰ ਉਣ ਰਹੀ

ਉਣਦੀ ਉਣਦੀ ਰੁਕ ਜਾਂਦੀ
ਮੇਰੇ ਸਾਹਾਂ ਦੀ ਆਵਾਜ਼ ਆਉਂਦੀ

ਘੱਰੇ ਡਿੱਗਣ ਲੱਗਦੇ

ਰਜਾਈ 'ਚ ਮੂੰਹ ਦੇ ਲੈਂਦੀ
ਘੁੱਪ ਹਨੇਰਾ

ਹਨੇਰੇ 'ਚੋਂ ਮੇਰਾ ਮਾਪ ਲੱਭਦੀ

ਉਹਦਾ ਜੀਅ ਕਰਦਾ
ਮੁੜ ਤੋਂ
ਆਪਣੇ ਮਤਲਬ ਰੰਗ ਦਾ
ਸਵੈਟਰ ਬੁਣੇ

ਪਰ ਬੇਬਸੀ
ਸਲਾਈਆਂ ਵਿਚਕਾਰੋਂ ਟੁੱਟ ਚੁੱਕੀਆਂ
ਤੇ
ਉੱਨ ਖ਼ਤਮ
•

## • ਮਾਂ ਆਕਾਸ਼ ਤੇ ਮੈਂ

ਮੇਰਾ ਸਿਰ ਆਕਾਸ਼ 'ਚ
ਮਾਂ ਦਾ ਹੱਥ ਪਹੁੰਚਦਾ ਨਹੀਂ

ਅਸੀਸ ਨਾਲ ਭਰੇ ਹੱਥ ਦੁਖਣ ਲੱਗੇ

ਯਾਦ ਕਰਦੀ
ਕਿਵੇਂ ਜਵਾਨੀ 'ਚ ਚੁੰਨੀਆਂ ਕੱਢ
ਸਿਲਾਈ ਮਸ਼ੀਨ ਚਲਾ ਪਾਲਿਆ ਪੋਸਿਆ

ਉਹਦੇ ਕੰਨਾਂ 'ਚ ਸਿਲਾਈ ਮਸ਼ੀਨ
ਫਿਰਕੀ 'ਚੋਂ ਧਾਗਾ ਟੁੱਟਣ ਦੀ ਆਵਾਜ਼ ਗੂੰਜਦੀ

ਚੁੰਨੀਆਂ ਉਡਦੀਆਂ

ਮੇਰੇ ਵੱਲ ਮੋਹ ਨਾਲ ਤੱਕਦੀ

ਤੇ ਮੈਂ
ਹੱਥਾਂ 'ਚ ਰੰਗ ਬਿਰੰਗੀਆਂ ਧਾਗੇ ਦੀਆਂ ਰੀਲਾਂ ਫੜ
ਦੂਰ ਹਨੇਰੇ 'ਚ ਤੱਕ ਰਿਹਾਂ ਜਿਉਂ
ਆਕਾਸ਼ ਅੰਦਰ ਬੈਠਾ ਕੋਈ
ਪੂਰੇ ਜ਼ੋਰ ਨਾਲ ਚਲਾ ਰਿਹਾ ਸਿਲਾਈ ਮਸ਼ੀਨ

ਚੁੰਨੀਆਂ 'ਚ ਤਾਰੇ ਲੱਗ ਰਹੇ

ਤੇ ਮੈਂ
ਪੋਟਿਆਂ 'ਚ ਖੁਭੀ ਸੂਈ ਕੱਢਣ ਲਈ
ਉਡਿਆ ਫਿਰਦਾ
ਦੂਰ ਉਸ ਤੋਂ
ਪਤਾ ਨਹੀਂ ਕਿਹੜੇ ਆਕਾਸ਼...
•

## • ਰੰਦਾ

ਵਰ੍ਹਿਆਂ ਬਾਅਦ ਫੇਰ ਕੌਣ ਚਲਾ ਰਿਹਾ
ਰੰਦਾ

ਦਾਦੇ ਨੇ ਕਿੱਲੀਆਂ ਘੜ
ਪਿਤਾ ਨੇ ਲੱਕੜਾਂ ਦੇ ਬੱਠਲ ਸਿਰ 'ਤੇ ਢੋਹ
ਕਿੱਲਾਂ ਤੋਂ ਨੰਗੇ ਪੈਰੀਂ
ਲੰਘਾ 'ਤਾ ਸੀ ਮੈਨੂੰ

ਦੱਸ ਤਾ ਸੀ
ਕਿਵੇਂ ਬਚਾਉਣਾ ਪੋਟਾ

ਆੜੇ-ਰੁਖ ਚਲਾਉਂਦਿਆਂ ਆਰੀ
ਕਿਵੇਂ ਬਰਕਰਾਰ ਰੱਖਣੀ
ਲਹੂ ਦੀ ਚਾਲ

ਕਿਵੇਂ ਘੜਨੀ ਗੋਲਾਈ

ਛਿੱਲਣੀ
ਨੁੱਕਰ
ਵੇਖਣਾ ਬੂਰਾ ਹੁੰਦੇ ਦੁੱਖ ਨੂੰ
ਅੱਖਾਂ 'ਚ ਪੈਂਦਿਆਂ

ਦੱਸ ਤਾ ਸੀ

ਫੇਰ ਇਹ ਵਰ੍ਹਿਆਂ ਬਾਅਦ ਕੌਣ ਚਲਾ ਰਿਹਾ ਰੰਦਾ
ਕਾਗ਼ਜ਼ਾਂ 'ਤੇ
•

## • ਐਕਸਪਾਈਰੀ ਡੇਟ

ਪਿਤਾ ਹੁਣ
ਰਾਤ ਭਰ ਮਾਂ ਦਾ ਹੱਥ ਆਪਣੇ ਹੱਥ 'ਚ ਫੜ ਸੌਂਦਾ

ਨਰਮ ਖ਼ਾਲੀਪਣ ਸਾਂਭ ਲੈਣਾ ਚਾਹੁੰਦਾ
ਖੁਰਦਰੀਆਂ ਵਿੱਥਾਂ 'ਚ

ਮਾਂ ਦੇਰ ਤਕ
ਪਿਤਾ ਦਾ ਮੱਥਾ ਪਲੋਸਦੀ
ਨਾੜਾਂ 'ਚ ਫਸੀ
ਚਰਬੀ ਖੋਰਦੀ

ਪਿਤਾ
ਅਗਲੇ ਸਾਲ ਦੀ ਡਾਇਰੀ ਵੇਖਦਾ
ਮਾਂ ਦੀ ਦਵਾਈ ਦੀ ਖੁਰਾਕ 'ਤੇ
ਖਾਣੇ ਤੋਂ ਪਹਿਲਾਂ
ਖਾਣੇ ਤੋਂ ਬਾਅਦ
ਲਿਖਦਾ ਲਿਖਦਾ
ਇਕਦਮ ਮਾਂ ਦਾ ਹੱਥ ਘੁੱਟ ਲੈਂਦਾ

ਅੰਗਰੇਜ਼ੀ ਦਵਾਈ ਦੇ ਇਕ ਪੱਤੇ ਦੀ
ਐਕਸਪਾਈਰੀ ਡੇਟ ਪੜ੍ਹ
ਸਹਿਮ ਜਾਂਦਾ
•

## • ਕੰਨਖਜੂਰਾ

ਪਿਛਲੇ ਕਮਰੇ ਦੀ ਕੱਲਰੀ ਮਿੱਟੀ 'ਚੋਂ
ਸਫ਼ੇਦ ਕੰਨਖਜੂਰਾ
ਸਰਸਰਾਉਂਦਾ
ਪਿਤਾ ਦੀ ਪਿੱਠ 'ਚ ਖੁਭ ਗਿਆ

ਮਾਂ ਘਬਰਾਹਟ 'ਚ ਸੀਖ ਗਰਮ ਕਰ ਰਹੀ

ਮੈਂ ਡੌਰ-ਭੌਰ ਆਪਣੇ ਬਸਤੇ 'ਚ ਵੜ ਗਿਆਂ

ਪੋਲੀਓ ਹੋਇਆ ਭਰਾ
ਆਪਣੇ ਹੱਥੋਂ ਮੱਛੀ ਦੇ ਕੈਪਸੂਲ ਸੁੱਟ
ਧਰਤੀ 'ਚ ਨੌਂਹ ਗੜਾ ਰਿਹਾ

ਛੋਟੀ ਭੈਣ ਨੇ
ਬਲਦੇ ਸਟੋਵ ਤੋਂ ਕਾਹਲੀ 'ਚ
ਨਵਾਂ ਨਵਾਂ ਪਾਇਆ ਰਿਬਨ ਸੜਾ ਲਿਆ

ਮਾਂ ਤਪਦੀ ਸੀਖ ਨਾਲ ਕੰਨਖਜੂਰਾ ਕੱਢਦੀ ਹੈ

ਇਕ ਉਮਰ ਤੋਂ ਪਿਤਾ
ਬਸਤਾ
ਮੱਛੀ ਦੇ ਕੈਪਸੂਲ
ਸੜਿਆ ਰਿਬਨ
ਮਰਿਆ ਕੰਨਖਜੂਰਾ
ਤੇ ਸੀਖ
ਝੋਲੇ 'ਚ ਪਾ ਤੁਰਿਆ ਆ ਰਿਹਾ...

•

## • ਪਤੰਗ ਤੇ ਪ੍ਰਾਣ

ਖ਼ਾਲੀ ਆਕਾਸ਼

ਮੱਮਟੀ 'ਤੇ ਚੜ੍ਹ ਮੈਂ ਪਤੰਗ ਉੜਾ ਰਿਹਾਂ

ਹੇਠਲੀ ਮੰਜ਼ਿਲ 'ਤੇ
ਤਾਏ ਦੇ ਜਪੁਜੀ ਦਾ ਪਾਠ ਮੁੱਕਦਿਆਂ ਹੀ
ਛੋਟੇ ਭਰਾ ਨੇ
ਅੰਤਮ ਸਾਹ ਲਿਆ

ਮੈਂ
ਉਧੜਦੀ ਪਿੰਨੀ
ਟੁੱਟੀ ਡੋਰ
ਹੱਥਾਂ 'ਚੋਂ ਛੱਡ
ਹੇਠਾਂ ਦੌੜਿਆ

ਆਕਾਸ਼ 'ਚ
ਪਤੰਗ ਤੇ ਪ੍ਰਾਣ ਇਕੱਠੇ ਉੱਡ ਰਹੇ...

•

## • ਕਮਰਾ

ਪਿਛਲੇ ਕਮਰੇ ਦੇ ਹਿੱਲਣ ਦੀ ਆਵਾਜ਼ ਆਉਂਦੀ

ਚੋਰੀ ਚੋਰੀ
ਹਿੱਲਦਾ ਕਮਰਾ ਤੱਕਦਾ

ਮਾਂ ਰੋਂਦੀ ਰੋਂਦੀ ਬਾਪ ਨੂੰ ਚੁੰਮ ਰਹੀ
ਬਾਪ ਅਭਿੱਜ ਅੱਥਰੂਆਂ ਤੋਂ
ਸਾਰਾ ਜ਼ੋਰ
ਕਮਰਾ ਹਿਲਾਉਣ 'ਤੇ ਲਾ ਰਿਹਾ

ਦਾਦੀ ਮੇਰੇ ਚਪੇੜ ਮਾਰਦੀ

ਕੁੰਡੀ ਡਿੱਗਦੀ
ਪਿਛਲੇ ਕਮਰੇ ਦੇ ਰੁਕਣ ਦੀ ਆਵਾਜ਼ ਆਉਂਦੀ

•

## • ਸ਼ੀਸ਼ੇ 'ਚ

ਅਕਸ ਛੱਡਣ ਆਇਆ ਸਾਂ

ਵੇਖਣ
ਕੁੰਜ ਉਤਾਰਦਿਆਂ
ਸੱਪ ਕਿਸ ਤਰ੍ਹਾਂ ਦਾ ਲੱਗਦਾ

ਚੰਗਿਆੜਾ—ਕਿਥੋਂ ਉੱਠਦਾ

ਪਰ ਫਸ ਗਿਆ

ਆਵਾਜ਼ ਆ ਰਹੀ ਅਣਜਾਣ
ਦਿਸ਼ਾਵਾਂ 'ਚੋਂ

ਛਾਲ ਮਾਰੀ ਤਾਂ ਟੁੱਟ
ਜਾਵਾਂਗਾ
ਨਾਲ ਹੀ ਸ਼ੀਸ਼ੇ ਦੇ

ਤੂੰ ਹੀ ਦੱਸ
ਨਿਕਲਾਂ ਤਾਂ ਕਿਵੇਂ...
•

- **ਗੂੰਜ**

ਪਤਾ ਨਹੀਂ
ਉਹ ਅਪਹੁੰਚ ਘਾਟੀ ਕਿਥੇ ਹੈ

ਤਲਾਸ਼ 'ਚ ਪਾਰ ਕਰ ਰਿਹਾਂ

ਘਰ     ਜੰਗਲ     ਪਹਾੜ     ਸਮੁੰਦਰ

ਆਪਣਾ ਆਪ

ਤੈਨੂੰ

ਗੂੰਜ ਅੰਦਰ ਸਮੋਈ...

•

## • ਪਰ੍ਹਾਂ ਕਰੋ ਅਰਸਤੂ ਦਾ ਸਿਧਾਂਤ

ਕਿੰਨੀਆਂ ਤਰਬਾਂ ਤੋੜੀਆਂ
ਅੰਦਰ ਦੇ ਨਾਚ ਨਾਲ ਇਕ ਸੁਰ ਹੋਣ ਲਈ

ਬੁੱਲ੍ਹਾ ਕਦੇ ਹੱਸਿਆ ਕਦੇ ਰੋਇਆ...

ਤਰਜ਼ ਨਾ ਬਣੀ
ਆਪਣੇ ਵਿਰੋਧ 'ਚ ਲਿਖੇ ਗੀਤ ਦੀ

ਸ਼ੱਕ ਡਰ ਵਾਸਨਾ ਮੁਹੱਬਤ
ਰੱਬ

ਤਲਾਸ਼ ਦੇ ਕਿੰਨੇ ਬਿੰਦੂ ਜੋੜੇ
ਰਸਤਾ ਨਾ ਬਣਿਆ

ਤੁਰਦਾ ਗਿਆ
ਭੁਲੇਖਾ ਦਰ ਭੁਲੇਖਾ
ਸ਼ੂਨਯ ਸ਼ਕਤੀਹੀਣ ਭਰਿਆ

ਥੱਕ ਗਿਆ ਹਾਂ
ਸ਼ਬਦ ਦਰ ਸ਼ਬਦ
ਆਪਣੇ ਆਪ ਦੀ ਤਲਾਸ਼ੀ ਲੈਂਦਾ

ਖ਼ੁਦ ਨੂੰ ਤਲਾਸ਼ਦਾ ਪੀੜ ਨਾਲ ਬਿਹਬਲ ਹਾਂ

ਪਰ੍ਹਾਂ ਕਰੋ ਅਰਸਤੂ ਦਾ ਸਿੱਧਾਂਤ
ਮੈਂ ਕੋਈ ਆਪਣਾ ਕਥਾਰਸਜ਼ ਨਹੀਂ ਕਰ ਰਿਹਾ...
•

## • ਕੋਲਾ

**-1-**

ਮੰਨਦਾਂ
ਜਦ ਤੁਰਿਆ
ਨਜ਼ਰ 'ਚ ਦੇਹ ਸੀ
ਤੇ ਦੇਹ 'ਚ ਦਗਦਾ ਕੋਲਾ
ਤਲਾਸ਼ 'ਚ ਜਿਸਦੀ
ਡੂੰਘੀ ਖਾਣ 'ਚ ਉਤਰਨਾ ਸਾਂ ਚਾਹੁੰਦਾ
ਜਿਥੇ ਸਦੀਆਂ ਤੋਂ
ਧਾਰ ਚੁੱਕਾ ਹੋਵੇ ਰੂਪ ਹੀਰੇ ਦਾ

ਤਲਾਸ਼ 'ਚ ਗਵਾ ਬੈਠਾ
ਜਨਮ ਦੇਹਾਂ ਕਈ
ਸਿਮਰਤੀਆਂ 'ਚ ਲਿਖ ਬੈਠਾ
ਨਾਮ ਪਤੇ
ਅਸਮਾਨ ਧਰਤੀਆਂ ਕਈ

ਤੂੰ ਹਰ ਜਨਮ
ਦੇਹ 'ਚ ਚਾਨਣੀ ਲੁਕੋ
ਨਾਮ ਪਤੇ ਅਸਮਾਨ ਪਰ੍ਹਾਂ ਕਰਦੀ ਆਉਂਦੀ
ਸ਼ਾਇਦ
ਚਾਨਣੀ 'ਚ ਲਿਸ਼ਕਦਾ
ਦਿਸ ਪਏ
ਕੋਲ਼ਾ...

**-2-**

ਪੁਰਾਤਨ ਲਿਪੀਆਂ
ਡੀਕੋਡ ਕਰਦਾ
ਅਜੰਤਾ ਅਲੋਰਾ 'ਚ
ਛੈਣੀ

ਕਦੇ ਪੱਥਰ ਬਣਦਾ
ਸੱਟ ਮਾਰਦਾ
ਸੱਟ ਲਈ ਤਰਸਦਾ
ਮੰਦਰਾਂ ਖੰਡਰਾਂ ਥੇਹਾਂ 'ਚ
ਭਟਕਦੀਆਂ ਆਵਾਜ਼ਾਂ ਮਗਰ ਦੌੜਦਾ
ਮਿੱਟੀ ਦੀਆਂ ਮੂਰਤਾਂ ਚੁੰਮਦਾ
ਘੜਿਆਂ ਨੂੰ ਛੂੰਹਦਾ ਇਸ ਤਰ੍ਹਾਂ
ਜਿਉਂ ਇਹ ਦੇਹ ਹੋਣ
ਇਨ੍ਹਾਂ 'ਚ
ਪਾਣੀ ਹੋਵੇ

ਪਾਣੀ ਹੇਠ ਕੋਲ਼ਾ...

-3-
ਸਮੁੰਦਰ ਪਹਾੜ ਨਦੀਆਂ
ਸਭ ਦੇਹ ਜਾਪਣ ਲੱਗੀਆਂ
ਲਹਿਰਾਂ ਉਛਲਦੀਆਂ
ਉੱਠੀਆਂ ਚੋਟੀਆਂ ਭਰਮਾਉਂਦੀਆਂ

ਰੌਸ਼ਨੀ
ਪਾਣੀ ਚੀਰਦੀ

ਕਾਮਨਾ 'ਚ ਗੋਤਾ ਲਾਉਂਦਾ
ਜਲ ਅੰਦਰ ਅੱਗ ਉੱਠਦੀ
ਹਨੇਰੇ 'ਚ ਮੱਛੀ ਤਿਲਕਦੀ
ਧਿਆਨ 'ਤੇ ਛਿੱਟੇ ਪੈਂਦੇ

ਡੰਗ ਹਿੱਲਦਾ...

-4-
ਤੂੰ ਕਹਿੰਦੀ—
ਦੇਹ ਹੈ

ਕੋਈ ਸੱਪ ਨਹੀਂ
ਜੀਭ ਅੰਦਰ ਕਰ
ਧਿਆਨ 'ਚ ਅੰਮ੍ਰਿਤ ਜ਼ਹਿਰ
ਦੇਹ ਆਤਮਾ
ਸਭ ਇਕ

-5-
...ਕਿਹਾ...
ਤੇ ਮੇਰਾ ਹੱਥ ਛੱਡ ਦਿੱਤਾ
ਹੱਥਾਂ ਦੀ ਛੋਹ ਸਾਂਭ ਲਈ
ਕੋਲੇ 'ਚ

-6-
ਡੰਗ ਖਾਣ ਦਾ ਆਦੀ
ਮੈਂ ਕਿੰਨੇ ਜਨਮ ਢੂੰਡਦਾ ਰਿਹਾ
ਨਾਗਣ
ਕੋਲੇ ਰੰਗੀ

ਪਰ ਉਹ ਨਹੀਂ
ਬੀਨ ਦੀ ਇਕ ਧੁਨ 'ਤੇ
ਬੰਦ ਹੋ ਜਾਏ ਜੋ ਪਟਾਰੀ 'ਚ

ਉਹ ਜਿਸ ਕੋਲ
ਸਮੁੰਦਰ ਤਲ 'ਤੇ ਵਿਛੀਆਂ
ਚੱਟਾਨਾ ਦਾ ਹੋਵੇ ਗਹਿਰਾ ਸਪਰਸ਼
ਹਜ਼ਾਰਾਂ ਵਰ੍ਹੇ ਪੁਰਾਣੇ
ਰੁੱਖ ਦੀਆਂ ਜੜ੍ਹਾਂ 'ਚ ਰਹਿਣ ਦੇ
ਚਮੜੀ 'ਤੇ ਹੋਣ ਨਿਸ਼ਾਨ
ਤਪ ਕਰਦੇ
ਰਿਸ਼ੀਆਂ ਦੇ ਪਿੰਡਿਆਂ ਦੇ ਭੂਗੋਲ ਦਾ ਹੋਵੇ
ਜਿਸਨੂੰ ਗਿਆਨ

ਸੁਣ ਲਵੇ
ਲਹੂ 'ਚ ਤੁਰਦੀ ਛਿਲਤਰ ਦੀ ਆਵਾਜ਼ ਤੱਕ
ਬਦਲ ਦਏ
ਦਿਸ਼ਾ
ਦਿਲ ਮਸਤਕ ਦੀ ਪਲ 'ਚ ਹੀ

ਰਹੇ ਨਾਗਣ ਹੀ
ਇੱਛਾਧਾਰੀ ਤਾਂ ਕਦੇ ਨਾ...

-7-
ਅਸੰਖ ਵਰ੍ਹੇ ਢੂੰਡਦਾ ਰਿਹਾ

ਬਣਿਆ ਰਿਹਾ
ਚੱਟਾਨ
ਖਾੜੀ ਅਪਹੁੰਚ ਸਮੁੰਦਰ 'ਚ
ਜਾਂ ਬੇੜੀ ਟੁੱਟੇ ਮਸਤੂਲ ਵਾਲੀ
ਧਰਤੀ 'ਚ ਧੱਸੀ

ਕੀ ਪਤਾ ਕੀ ਸਾਂ
ਅਮੀਬਾ
ਕਾਈ
ਪੱਤਾ
ਰੇਸ਼ਮ
ਪਰਾਗ ਹਵਾ 'ਚ ਉੱਡਦਾ
ਢੂੰਡਦਾ ਕੋਈ ਹੋਰ ਪਰਾਗ
ਜਾਂ
ਐਨਟਾਰਕਟਿਕਾ ਦੇ ਮੀਲਾਂ ਹੇਠ
ਜੰਮੀ ਬਰਫ਼ ਵਿਚਕਾਰ
ਮਰਦੀ ਜੰਮਦੀ
ਮੱਛੀ
ਉਡੀਕਦੀ

ਕਾਂਟਾ
ਸਨਕੀ ਤੈਰਾਕ
ਇਕ ਜਾਲ

**-8-**
ਫੇਰ ਪਿਆਸੇ ਪੰਛੀ ਨੇ
ਮੱਥੇ 'ਤੇ ਅਟਕੀ ਜਲ ਦੀ ਬੂੰਦ ਪੀਣ ਖ਼ਾਤਰ
ਚੁੰਝ ਮਾਰੀ
ਜਾਗ ਖੁੱਲ੍ਹੀ

**-9-**
ਅਚਾਨਕ ਇਕ
ਕਾਲੀ ਨਾਗਣ
ਮੇਰੀਆਂ ਜੜ੍ਹਾਂ ਵੱਲ ਦੌੜਦੀ ਦਿਸੀ
ਹਨੇਰੇ 'ਚ
ਮੈਂ ਕੋਲ਼ਾ ਕੋਲ਼ਾ ਚਿਲਾਉਂਦਾ
ਮਗਰ ਦੌੜਿਆ

ਪਤਾ ਨਹੀਂ ਕਿਸ ਅਕਸ 'ਚ ਅਲੋਪ ਹੋ ਗਈ...?

**-10-**
ਇਕ ਟੁਕੜੇ 'ਚੋਂ ਵੇਖਿਆ

ਦੁੱਧ ਚੁੰਘ ਰਿਹਾਂ
ਧਾਗਾ ਅਜੇ ਵੀ ਜੁੜਿਆ
ਪਿਛਲੇ ਜਹਾਨ 'ਚ
ਮਾਂ ਛਾਤੀ ਮੂੰਹ 'ਚੋਂ ਬਾਹਰ ਕੱਢਦੀ

ਧਾਗਾ ਟੁੱਟਦਾ

ਕੁਝ ਰੜਕਦਾ
ਸਮਝ ਨਹੀਂ ਆ ਰਹੀ
ਕੀ...?

ਇਹ ਆਵਾਜ਼ਾਂ ਕਿਹੜੀਆਂ
ਮਾਂ ਦੀ ਕੁੱਖ 'ਚੋਂ ਹੁੰਦੀਆਂ
ਆ ਗਈਆਂ ਕਿਵੇਂ
ਨਾਲ ਹੀ ਅੰਦਰ ਮੇਰੇ...?

ਇਹ ਜਨਮਾਂ ਦਾ ਨਾੜੂ ਕਿਸ ਰੌਸ਼ਨੀ ਨਾਲ ਹੈ ਕੱਟਦਾ...?

**-11-**
ਤੁਤਲਾ ਹੀ ਰਿਹਾ ਸਾਂ
ਕਿ ਬਾਪ ਨੇ ਮੱਥੇ 'ਚ ਸ਼ਬਦ ਗੱਡ ਦਿੱਤਾ

ਸ਼ਬਦ ਸੀ ਕਿ ਤੂਫ਼ਾਨ
ਮੈਂ ਪਾਗ਼ਲ ਹੋ ਗਿਆ
ਪਹਿਲਾਂ ਹੀ
ਕਈ ਜਨਮਾਂ ਦੀਆਂ ਭਾਸ਼ਾਵਾਂ ਦਾ ਸਾਂ ਲੱਦਿਆ
ਖ਼ਾਲੀ ਕਰਨ ਤੋਂ ਪਹਿਲਾਂ ਹੀ
ਭਰਨਾ ਸ਼ੁਰੂ ਕਰ ਦਿੱਤਾ ਗਿਆ ਮੈਨੂੰ

ਮੇਰੇ ਹੱਥਾਂ 'ਚ ਫੜਾ ਦਿੱਤੀ ਗਈ
ਵਿਆਕਰਣ
ਤਕਨੀਕ
ਪੈੱਨ
ਵੱਡੇ ਹੁੰਦਿਆਂ ਹੁੰਦਿਆਂ
ਜੋ ਹੋ ਗਿਆ ਹੋਣਾ
ਪੁੱਠੇ ਪਾਸਿਓਂ ਲੀਕ...

**-12-**
ਫੇਰ ਇਕ ਆਵਾਜ਼ ਆਈ
ਇਹ ਪੈੱਨ ਨਹੀਂ
ਤਲਵਾਰ ਹੈ

ਸ਼ਬਦ ਦੀ ਧਾਰ ਬਣਾ...

ਮੈਂ ਪੁੱਠਾ ਸਿੱਧਾ ਵਰਤ ਵੇਖਿਆ
ਅੰਦਰੋਂ ਬੁਰੀ ਤਰ੍ਹਾਂ ਵੱਢਿਆ ਗਿਆਂ
ਖਿਝ ਕੇ ਨਿੱਬ ਸੀਨੇ 'ਚ ਗੱਡ ਦਿੱਤੀ
ਕਵਿਤਾ ਨਿਕਲੀ

ਅਚਨਚੇਤ ਨਜ਼ਰ ਆਇਆ
ਕੋਲ਼ਾ...

-13-
ਪੈੱਨ 'ਚ ਤਲਵਾਰ
ਤਲਵਾਰ 'ਚ ਕੋਲ਼ਾ
ਕੋਲੇ 'ਚ ਪੈੱਨ...

ਮੈਂ ਬੌਖਲਾ ਗਿਆ

ਹਰ ਸ਼ਬਦ ਜਾਲ ਵਿਛਾ ਦੇਂਦਾ
ਮੈਂ ਸਹਿਜੇ ਹੀ ਫਸ ਜਾਂਦਾ

ਅਰਥ
ਇਕ ਦੂਜੇ 'ਚ ਅੜ ਜਾਂਦੇ
ਮੱਥੇ ਦਾ ਇਲਜ਼ਾਮ
ਦਿਲ 'ਤੇ ਮੜ੍ਹ ਜਾਂਦੇ

ਇਕ ਦਿਨ ਪੈੱਨ
ਹਵਾ 'ਚ ਤਲਵਾਰ ਵਾਂਗ ਚਲਾ ਰਿਹਾ ਸਾਂ

ਪਤਾ ਨਹੀਂ ਜੋਗੀ ਪੀਰ ਫ਼ਕੀਰ ਸੀ ਕਿ ਸ਼ਾਇਰ
ਮੱਥੇ 'ਤੇ ਅੰਗੂਠਾ ਰੱਖ ਕਹਿਣ ਲੱਗਾ—
ਕਵਿਤਾ ਲਿਖ
ਕਵਿਤਾ 'ਚ
ਪੈੱਨ ਤਲਵਾਰ ਕੋਲ਼ਾ

ਇਕੱਠੇ ਵੀ
ਵੱਖੋ-ਵੱਖ ਵੀ...

**-14-**
ਤਲਾਸ਼ 'ਚ ਤੁਰ ਪਿਆ
ਇਕ ਹਨੇਰੇ ਖੂੰਜੇ 'ਚ
ਕੈਨਵਸ 'ਤੇ ਦੇਖਿਆ
ਕੋਲ਼ਾ...

ਫੜਨ ਦੌੜਿਆ
ਪਰ ਉਹ ਤਾਂ ਰੰਗਾਂ 'ਚ ਤਰ-ਬਤਰ
ਘੁਲਿਆ ਮਿਲਿਆ ਸੀ
ਧਾਗਿਆਂ 'ਚ

ਕੈਨਵਸ ਮੋਢਿਆਂ 'ਤੇ ਚੁੱਕੀ
ਲੱਭਦਾ ਰਿਹਾ ਏਕਾਂਤ
ਕਿ ਉਧੇੜਾਂ
ਫੜਾਂ
ਚੁੰਮ ਲਵਾਂ
ਕੋਲ਼ਾ...

**-15-**
ਸ਼ੀਸ਼ੇ 'ਚ ਪਿਆ ਵੇਖਿਆ
ਕਾਹਲੀ 'ਚ ਹੱਥ ਵਧਾਇਆ
ਆਪਣੇ ਹੀ ਹੱਥ ਦੀ
ਆਪਣੇ ਹੀ ਹੱਥ ਨਾਲ ਟੱਕਰ ਹੋ ਗਈ

**-16-**
ਫਿਰ ਅਚਾਨਕ ਜਲ ਪਰੀ ਵਰਗੀ ਕੁੜੀ ਮਿਲੀ
ਜਿਸ ਨੇ ਮੇਰੇ ਅੰਦਰੋਂ
ਦੇਵਤਾ ਤੋੜਿਆ

ਮੈਂ ਤੋੜਿਆ ਉਸ ਨੂੰ
ਸਮੁੰਦਰ ਨਾਂ ਦੀ ਮਿੱਥ ਨਾਲ

ਤੁਰ ਪਏ
ਪਾਣੀ ਮਿੱਟੀ
ਆਕਾਸ਼ ਸਮੁੰਦਰ
ਸਿੱਪੀ ਅੰਦਰ

ਸ਼ਾਇਦ ਤੁਰਦਿਆਂ
ਮਿਲ ਜਾਏ
...?

**-17-**
ਚੁੱਪ ਹੁੰਦੇ
ਕਦੇ
ਮੀਨਾਰਾਂ ਵਾਂਗ ਸ਼ਬਦ ਤਾਮੀਰ ਕਰਦੇ
ਆਪ ਹੀ ਢਾਹੁੰਦੇ
ਫਰੋਲਦੇ ਮਲਬਾ
ਲੱਭ ਜਾਏ ਹੇਠੋਂ ਸ਼ਾਇਦ
...?

**-18-**
ਇਕ ਰਾਤ ਮਸਤ
ਵਲ-ਵਲੇਵੇਂ ਖਾ ਰਿਹਾ ਸਾਂ
ਚਾਨਣੀ ਫਨ 'ਤੇ ਪੈ ਰਹੀ ਸੀ

ਉਹ ਸਾਰੇ ਪਿਆਰ ਤੇ ਜ਼ਹਿਰ ਸਮੇਤ
ਮੇਰੇ ਵੱਲ ਆ ਰਹੀ ਸੀ

ਮੈਂ ਅਚੰਭੇ ਤੇ ਈਰਖਾ ਨਾਲ ਭਰ ਉੱਠਿਆ
ਲੱਗਾ—
ਇਕੱਲੀ ਹੀ ਲੱਭ ਲਿਆਈ ਹੈ

ਕੋਲ਼ਾ...

ਆਈ ਤੇ ਗ਼ੁੱਸੇ 'ਚ ਬੋਲੀ—
ਪਤਾ ਮੈਨੂੰ
ਲੱਭ ਪਿਆ ਤੈਨੂੰ ਕਦੋਂ ਦਾ
ਦੱਸ—
ਕਿਸ ਦੇਹ
ਗਿਆਨ ਸ਼ਬਦ ਸਾਗਰ ਇਤਿਹਾਸ ਮਿਥਿਹਾਸ 'ਚੋਂ
ਬੇਇੰਤਹਾ
ਨਸ਼ੇ 'ਚ ਘੁੰਮਦੇ ਇਕੱਲਤਾ ਦੇ ਕਿਹੜੇ ਬਿੰਦੂ 'ਚੋਂ
ਸਮਾਧੀ ਦੇ ਕਿਸ ਆਲਮ 'ਚੋਂ...?

ਫੜਾ ਮੇਰੇ ਹਿੱਸੇ ਦਾ

ਡਰ ਹਿੰਸਾ ਕ੍ਰੋਧ ਵੇਖ
ਧਰਤੀ ਦੇ ਕੋਹਾਂ ਮੀਲ ਹੇਠਾਂ ਹੋਰ
ਚਲਾ ਗਿਆ
ਕੋਲ਼ਾ...

**-19-**
ਠਠੰਬਰ ਗਏ—
ਹੁਣ ਅਸੀਂ
ਕਵਿਤਾ ਲਿਖਦੇ ਲਿਖਦੇ ਲੁਕਣ-ਮੀਟੀ ਖੇਡਦੇ
ਪਿਆਰ ਕਰਦੇ

ਮੈਂ ਸ਼ਬਦ ਕਦੇ ਸ਼ੀਸ਼ੇ 'ਚ ਲੁਕ ਜਾਂਦਾ
ਉਹ ਪਹਿਲੀ ਵਾਰ 'ਚ ਲੱਭ ਲੈਂਦੀ

ਕਈ ਵਾਰ
ਇਸ ਅਦਾ ਨਾਲ ਲੁਕਦਾ
ਰੋ ਪੈਂਦੀ
ਲੱਭਦੀ ਲੱਭਦੀ ਆਪਣੇ ਅੰਦਰ ਹੀ ਚਲੇ ਜਾਂਦੀ

ਅਰਦਾਸ ਕਰਦੀ

ਚਾਨਣ ਹੁੰਦਾ

ਇਕਦਮ ਬੋਲਦੀ
ਲੱਭ ਲਿਆ...

ਮੈਂ ਕਹਿੰਦਾ
ਮੈਨੂੰ...?

ਕਹਿੰਦੀ...ਨਹੀਂ
ਕੋਲ਼ਾ...

**-20-**
ਅੱਜ ਤਕ ਨਹੀਂ ਮਿਲਿਆ
ਬੀਤ ਗਏ ਜਨਮ
ਪਲਟ ਗਏ ਯੁੱਗ ਕਈ
ਹੋ ਗਏ ਅਸੀਂ ਹੋਰ ਵੇਗਮਈ
ਨਹੀਂ ਪਤਾ
ਵਿਛੜਨਾ ਕਿ ਮਿਲਣਾ
ਤੁਰ ਰਹੇਂ
ਹੱਥਾਂ 'ਚ ਹੱਥ ਪਾਈ
ਬਸ ਤੁਰਦੇ
ਟੋਹ ਲੈਂਦੇ ਹਾਂ ਕਦੇ ਕਦੇ
ਨਬਜ਼ ਇਕ ਦੂਜੇ ਦੀ
ਖੌਰੇ
ਮਿਲ ਜਾਏ
ਦਹਿਕਦਾ ਟਹਿਕਦਾ ਨਬਜ਼ 'ਚ
ਕੋਲ਼ਾ...
•